ਪੁਸਤਕ ਨੰ: ੩

ੴ ਸਤਿਗੁਰਪ੍ਰਸਾਦਿ ॥

ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥

ਆਸਾ ਦੀ ਵਾਰ

ਸਟੀਕ

ਟੀਕਾ ਕਾਰ

ਸ੍ਰੀ ਮਾਨ ਭਗਤ ਰਾਮਦਿਤਾ ਜੀ

ਅੰਮ੍ਰਿਤਸਰ ਨਿਵਾਸੀ

ਪ੍ਰਕਾਸ਼ਕ:-

ਭਾਈ ਕ੍ਰਿਪਾਲ ਸਿੰਘ ਬਲਬੀਰ ਸਿੰਘ

ਪੁਸਤਕਾਂ ਵਾਲੇ, ਚੌਂਕ ਘੰਟਾ ਘਰ ਅਮ੍ਰਿਤਸਰ

(ਕੇ: ਟਾ:)ਸੁੰਦਰ ਪ੍ਰਿੰਟਿੰਗ ਪ੍ਰੈਸ ਬਾਜ਼ਾਰ ਮਾਈਸੇਵਾਂ
ਅੰਮ੍ਰਿਤਸਰ ਵਿਚ ਛਪਿਆ।

ਛੇਵੀਂ ਵਾਰ

ਸੰਨ ਈਸਵੀ ੧੯੪੪

P I A R 107

੧ ੳ ਸਤਿਗੁਰਪ੍ਰਸਾਦਿ ॥

ਸ਼ੁਭ ਸਿੱਖਿਆ

ਰਚਿਤ—ਸ੍ਰੀ ਮਾਨ ਭਗਤ ਰਾਮਦਿੱਤਾ ਜੀ ਅਮ੍ਰਿਤਸਰ ਨਿਵਾਸੀ

ਭਗਤ ਆਖਦਾ ਬੜੇ ਪਿਆਰ ਸੇਤੀ, ਮੇਰੀ ਸਿੱਖਜਾ ਰਿਦੇ ਤੂੰ ਧਾਰ ਬੀਬਾ
ਸੁਬ੍ਹਾ ਉੱਠ ਕੇ ਨਿੱਤ ਇਸ਼ਨਾਨ ਕਰਨਾ, ਗੁਰੂ ਗ੍ਰੰਥ ਦਾ ਕਰੋ ਦੀਦਾਰ ਬੀਬਾ
ਸੁਬ੍ਹਾ ਜਪੁਜੀ ਸ਼ਾਮ ਰਹਿਰਾਸ ਪੜ੍ਹਨੀ, ਰਾਤੀਂ ਸੋਹਿਲੇ ਦਾ ਕਰੋ ਉਚਾਰ ਬੀਬਾ
ਸ਼ੁਭ ਸਿੱਖਿਆ ਨੂੰ ਜਿਹੜਾ ਮੰਨ ਲੈਸੀ, ਨਿਸਚੇ ਪਾਵਸੀ ਮੋਖ ਦੁਆਰ ਬੀਬਾ
ਰਾਤਿ ਸਵਣ ਵੇਲੇ ਸਾਰੇ ਦਿਨ ਭਰ ਦੇ, ਕੀਤੇ ਕਰਮਾਂ ਦਾ ਕਰੋ ਵੀਚਾਰ ਬੀਬਾ
ਪਛੋਤਾਵਨਾ ਜੋ ਖੋਟਾ ਕਰਮ ਹੋਇਆ, ਅੱਗੇ ਵਾਸਤੇ ਰਹਿਣਾ ਹੁਸ਼ਿਆਰ ਬੀਬਾ
ਨੇਕ ਕਰਮਾਂ ਦਾ ਤੁਸਾਂ ਨੇ ਯਤਨ ਕਰਨਾ, ਬੁਰੇ ਕਰਮ ਦਾ ਕਰੋ ਸੰਘਾਰ ਬੀਬਾ
ਮਾਤਾ ਪਿਤਾ ਦੇ ਹੁਕਮ ਨੂੰ ਮੋੜਨਾਂ ਨਾਂ, ਸਰਵਨ ਵਾਂਗ ਹੋ ਆਗਿਆਕਾਰ ਬੀਬਾ
ਪੁਤਰ ਇਕ ਹੋਵੇ ਐਪਰ ਨੇਕ ਹੋਵੇ, ਚੰਦ ਵਾਂਗ ਜੋ ਕਰੇ ਉਜਿਆਰ ਬੀਬਾ
ਪੁਤਰ ਮਾਤਾ ਤੇ ਪਿਤਾ ਦੀ ਕਰੇ ਸੇਵਾ, ਹੈ ਕਪੂਤ ਜੋ ਕਰੇ ਇਨਕਾਰ ਬੀਬਾ
ਮਾਤਾ ਪਿਤਾ ਦੀ ਆਗਿਆ ਨਿਤ ਪਾਲੀਂ, ਕਰਨਾ ਵੱਡਿਆਂ ਦਾ ਸਤਿਕਾਰ ਬੀਬਾ
ਸੰਤਾਂ ਭਗਤਾਂ ਦੇ ਨਾਲ ਪ੍ਰੇਮ ਕਰਨਾ, ਹੱਥ ਜੋੜ ਕਰਨੀ ਨਮਸ਼ਕਾਰ ਬੀਬਾ
ਦੁਖ ਸੁਖ ਮਾਨੁਖ ਦੇ ਨਾਲ ਹੁੰਦੇ, ਧੀਰਜ ਧਾਰ ਨਾਂ ਹੌਂਸਲਾ ਹਾਰ ਬੀਬਾ
ਧੀਰਜ, ਧਰਮ, ਸੰਤੋਖ ਤੇ ਸਤ ਸ਼ਾਂਤੀ, ਕਰਨੀ ਦਯਾ ਤੇ ਪਰਉਪਕਾਰ ਬੀਬਾ
ਸੰਤੋਖ, ਸਤ ਤੇ ਧਰਮ ਉਪਕਾਰ ਕਰਨਾ, ਏਹੋ ਕਰਨਗੇ ਭਵਜਲੋਂ ਪਾਰ ਬੀਬਾ
ਕਟੋ ਦਿਨ ਸਫਾਈ ਦੇ ਨਾਲ ਏਥੇ, ਛਡੋ ਦਗੇ ਫਰੇਬ ਦੀ ਕਾਰ ਬੀਬਾ
ਖਾਣਾ ਖਾਵਣਾ ਅੰਨ ਤੇ ਘਿਉ ਸਬਜੀ, ਦਹੀਂ ਦੁਧ ਤੇ ਹੋਰ ਅਚਾਰ ਬੀਬਾ
ਨਹੀਂ ਮਾਸ ਕਬਾਬ ਨੂੰ ਕਦੇ ਖਾਣਾ, ਮਾਸ ਖਾਵਣਾ ਬੁਰਾ ਅਹਾਰ ਬੀਬਾ
ਮੁਲੀਨ ਬੁਧਿ ਤੇ ਧਰਮ ਨਾ ਮੂਲ ਰਹਿੰਦਾ, ਖਾਣੀ ਪਵੇਗੀ ਜਮਾਂ ਦੀ ਮਾਰ ਬੀਬਾ

ਸਧਨੇ ਕਸਾਈ ਦੇ ਵਾਂਗ ਹਿਸਾਬ ਹੋਸੀ, ਮੇਰੀ ਬਾਤ ਦਾ ਕਰੋ ਇਤਬਾਰ ਬੀਬਾ
ਚੋਰੀ, ਯਾਰੀ ਤੇ ਜੂਏ ਦੀ ਖੇਡ ਖੇਡੇ, ਨਿੰਦਾ ਓਸਦੀ ਹੋਏ ਬਾਜ਼ਾਰ ਬੀਬਾ
ਜੈਸਾ ਕਰੇ ਕੋਈ, ਤੈਸਾ ਭਰੇ ਓਹੀ, ਠਾਰਾਂ ਚਾਰ ਛੀ ਕਟਨ ਪੁਕਾਰ ਬੀਬਾ
ਛਲ, ਕਪਟ ਤੇ ਮਸ਼ਕਰੀ ਝੂਠ ਨਿੰਦਾ, ਲਾਲਚ ਚੋਰੀ ਤੇ ਬੁਰਾ ਅਹੰਕਾਰ ਬੀਬਾ
ਹਾਸੀ ਮਸ਼ਕਰੀ ਕਿਸੇ ਨੂੰ ਨਹੀਂ ਕਰਨੀ, ਬੜਾ ਦੁਖ ਮਿਲਦਾ ਆਖਟਕਾਰ ਬੀਬਾ
ਹਾਸੀ ਕਰੀ ਸੀ ਦ੍ਰੋਪਤਾਂ ਨਾਲ ਦੇਵਰ, ਹੋਈ ਸਭਾ ਦੇ ਵਿਚ ਲਾਚਾਰ ਬੀਬਾ
'ਸਾਂਭੇ' ਕਰੀ ਦੁਰਬਾਸ਼ਾ ਨੂੰ ਮਸ਼ਕਰੀ ਸੀ, ਬੰਸ ਯਾਦਵਾਂ ਗਈ ਸਿਧਾਰ ਬੀਬਾ
ਆਵੇ ਕ੍ਰੋਧ ਤਾਂ ਸ਼ਾਂਤੀ ਤੋਂ ਕੰਮ ਲੈਣਾ, ਕ੍ਰੋਧ ਕਲਾ ਦਾ ਹਈ ਭੰਡਾਰ ਬੀਬਾ
ਲੜ ਕੇ ਕੋਈ ਜੇ ਤੈਨੂੰ ਕੁਬਚਨ ਬੋਲੇ, ਨਾਲ ਨਿੰਮਰਤਾ ਕਰੀਂ ਗੁਫਤਾਰ ਬੀਬਾ
ਸਚੀ ਗਲ ਮਿਠਾਸ ਦੇ ਨਾਲ ਭਰਵੀਂ, ਕਰਕੇ ਲਈਂ ਅਸੀਸ ਹਜ਼ਾਰ ਬੀਬਾ
ਮੂਰਖ ਕਪਟੀ ਦਾ ਸੰਗ ਨਾ ਮੂਲ ਕਰਨਾ, ਖੋਟੇ ਕੰਮਾਂ ਤੋਂ ਰਹੀਂ ਖਬਰਦਾਰ ਬੀਬਾ
ਬਚਨ ਕਰਕੇ ਖਿਸਕਨਾ ਯੋਗ ਨਹੀਓਂ, ਨੀਯਤ ਸਾਫ ਤੇ ਸ਼ੁੱਧ ਵਿਹਾਰ ਬੀਬਾ
ਕਰਕੇ ਧਰਮ ਜੋ ਸੁਖਨ ਤੋਂ ਹਾਰ ਜਾਵੇ, ਉਸਦੇ ਜੇਹਾ ਨਾਹੀਂ ਗੁਨਹਗਾਰ ਬੀਬਾ
ਝਗੜਾ ਕਿਸੇ ਦੇ ਨਾਲ ਨਾ ਮੂਲ ਕਰਨਾ, ਦੋਖੀ ਨਾਲ ਭੀ ਕਰੀਂ ਪਿਆਰ ਬੀਬਾ
ਜਿੰਨੀ ਵਧੇ ਮਾਇਆ ਬਣੀਂ ਨੇਕ ਓਨਾਂ, ਸੰਪਤਿ ਦੇਖ ਨ ਕਰੀਂ ਹੰਕਾਰ ਬੀਬਾ
ਜੇਹੜਾ ਦੇਂਵਦਾ ਏ ਓਹੀ ਖੋਂਵਦਾ ਏ, ਸਾਰੀ ਓਸ ਦੇ ਹਥ ਹੈ ਕਾਰ ਬੀਬਾ
ਜਿਵੇਂ ਰਾਤ ਨੂੰ ਖਾਬ ਦਾ ਚਮਤਕਾਰਾ, ਤਿਵੇਂ ਜਾਣੀਏਂ ਜਗ ਪਸਾਰ ਬੀਬਾ
ਨਦੀ ਨਾਵ ਦਾ ਜਿਵੇਂ ਸੰਜੋਗ ਹੁੰਦਾ, ਮੇਲਾ ਸਭ ਦਾ ਕਰਮ ਅਨੁਸਾਰ ਬੀਬਾ
ਸਾਨੂੰ ਸੁਪਨੇ ਵਾਂਗ ਸੰਸਾਰ ਦਿਸੇ, ਦਾਵਾ ਬੰਨ੍ਹਦੇ ਪੁਰਸ਼ ਗਵਾਰ ਬੀਬਾ
ਖਬਰ ਨਹੀਂ ਕੀ ਭਲਕ ਨੂੰ ਹੋਵਨੀ ਏਂ, ਇਸ ਦੇਹੀ ਦਾ ਕੀ ਇਤਬਾਰ ਬੀਬਾ
ਦੁਨੀਆਂ ਸਮਝ ਲੈ ਹਲਟ ਦੇ ਗੇੜ ਵਾਂਗੂੰ, ਨਿਤ ਆਵਣਾ ਜਾਵਣਾ ਕਾਰ ਬੀਬਾ
ਕਾਹਦੇ ਵਾਸਤੇ ਵੈਰ ਵਿਰੋਧ ਕਰੀਏ, ਜਦੋਂ ਰਹਿਣਾ ਹੀ ਨਹੀਂ ਸੰਸਾਰ ਬੀਬਾ
ਖਾਲੀ ਹੱਥ ਆਇਓਂ, ਖਾਲੀ ਹਥ ਜਾਣਾ, ਕਦੀ ਬਣੀਂ ਨਾ ਸੂਮ ਦਾ ਯਾਰ ਬੀਬਾ
ਲਖ ਲਾਨਤਾਂ ਚੰਦਰੇ ਸੂਮ ਤਾਈਂ, ਉਸ ਦੇ ਜੀਵਨੇ ਨੂੰ ਧ੍ਰਿਗਕਾਰ ਬੀਬਾ
ਲੱਖ ਵਾਰ ਮੈਂ ਕਰਾਂ ਧੰਨਵਾਦ ਉਸਦਾ, ਜੇਹੜਾ ਲਵੇ ਗਰੀਬਾਂ ਦੀ ਸਾਰ ਬੀਬਾ

ਏਹੋ ਧਰਮ ਹੈ ਨੇਕ ਗ੍ਰਿਹਸਤੀਆਂ ਦਾ, ਲਿਖਿਆ ਵੇਦ ਪੁਰਾਨ ਵਿਚਕਾਰ ਬੀਬਾ
ਸਾਧ ਸੰਤ ਨੂੰ ਦੇਵਨਾ ਅੰਨ ਪਾਣੀ, ਸੇਵਾ ਕਰੀਂ ਅਨੇਕ ਪ੍ਰਕਾਰ ਬੀਬਾ
ਜਿਸ ਨੂੰ 'ਰਾਮ ਦਿਤਾ' ਖਾਵੇ ਵੰਡ ਕੇ ਉਹ, ਸੁਖੀ ਰਹੇਗਾ ਸਣੇ ਪ੍ਰਵਾਰ ਬੀਬਾ
ਦਾਨ ਪੁੰਨ ਕਰਕੇ ਖਰਚਾ ਬੰਨ੍ਹ ਲੈਣਾ, ਅਗੇ ਮਿਲੇ ਨਾ ਕੁਝ ਹੁਦਾਰ ਬੀਬਾ
ਜਸ ਉਨ੍ਹਾਂ ਦਾ ਗਾਂਵਦਾ ਜਗ ਸਾਰਾ, ਕੀਤੇ ਜਿਨ੍ਹਾਂ ਨੇ ਪਰ ਉਪਕਾਰ ਬੀਬਾ
ਸਾਥੀ ਹੋਣਗੇ ਨੇਕ ਅਮਾਲ ਤੇਰੇ, ਕੋਈ ਹੋਰ ਨਾਹੀਂ ਮਦਦਗਾਰ ਬੀਬਾ
ਵਿਰਲਾ ਸੁਖੀ ਗਿਆਨ ਵਿਚਾਰ ਵਾਲਾ, ਭਰਿਆ ਦੁਖਾਂ ਦਾ ਕੁਲ ਸੰਸਾਰ ਬੀਬਾ
ਚੁਗਲੀ ਈਰਖਾ ਕਿਸੇ ਦੀ ਨਹੀਂ ਕਰਨੀ, ਤੈਨੂੰ ਦਸਿਆ ਵੇਦ ਦਾ ਸਾਰ ਬੀਬਾ
ਏਹਨਾਂ ਵਾਕਾਂ ਤੇ ਕਰੇਗਾ ਅਮਲ ਜੇਹੜਾ, ਉਸਦੀ ਰਖਿਆ ਕਰੇ ਕਰਤਾਰ ਬੀਬਾ
ਜੇਹੜਾ ਭਗਤਾਂ ਦੀ ਨਿੰਦਿਆ ਕਰਨ ਵਾਲਾ, ਬੇੜਾ ਡੁਬੇਗਾ ਉਹਦਾ ਵਿਚਕਾਰ ਬੀਬਾ
ਪ੍ਰਾਰਬਧ ਅਨੁਸਾਰ ਜੋ ਮਿਲ ਜਾਵੇ, ਕਰਨਾ ਓਸ ਵਿਚ ਸ਼ੁਕਰ ਗੁਜ਼ਾਰ ਬੀਬਾ
ਪ੍ਰਾਰਬਧ ਸਰੀਰ ਦੀ ਬਣੀ ਪਹਿਲੇ, ਹੋਇਆ ਫੇਰ ਸਰੀਰ ਤਿਆਰ ਬੀਬਾ
ਪਾਲੇ ਪੱਥਰਾਂ ਦੇ ਵਿਚ ਕੀੜਿਆਂ ਨੂੰ, ਦਾਤਾ ਸਰਬ ਦਾ ਰਬ ਦਾਤਾਰ ਬੀਬਾ
ਬੰਦਾ ਕੌਣ ਜੋ ਕਿਸੇ ਨੂੰ ਪਾਲ ਸਕੇ, ਪਾਲਣ ਵਾਲੜਾ ਆਪ ਕਰਤਾਰ ਬੀਬਾ
ਜੋ ਕੁਝ ਵਿਚ ਨਸੀਬ ਦੇ ਲਿਖਿਆ ਏ, ਕੇਹੜਾ ਓਸ ਨੂੰ ਮੇਟਣੇ ਹਾਰ ਬੀਬਾ
ਬੁਰੀ ਨਜ਼ਰ ਨਾਂ ਧਰੀਂ ਪਰ ਨਾਰੀਆਂ ਤੇ, ਪੜ੍ਹੋ ਟੀਕੇ ਵਾਲੀ ਆਸਾ ਵਾਰ ਬੀਬਾ
ਨਜ਼ਰ ਸਾਫ ਤੇ ਨਿਉਂਕੇ ਚਲਣਾ ਏਂ, ਮਾਤਾ ਸਮਝਣੀ ਗੈਰ ਦੀ ਨਾਰ ਬੀਬਾ
ਬਿਨਾਂ ਦਾਵਿਓਂ ਉਮਰ ਗੁਜ਼ਾਰ ਏਥੇ, ਬਿਨਸਨ ਹਾਰ ਹੈ ਸਭ ਸੰਸਾਰ ਬੀਬਾ
ਥੋੜਾ ਸੈਨ ਕਰਨਾ ਥੋੜਾ ਖਾਵਨਾ ਏ, ਮਿਠਾ ਬੋਲਣਾ ਰਹਿਣਾ ਸਚਿਆਰ ਬੀਬਾ
ਤੁਰਦੇ ਫਿਰਦਿਆਂ ਅੰਨ ਨ ਮੂਲ ਖਾਣਾ, ਨਾਲ ਧੀਰਜ ਦੇ ਕਰੋ ਆਹਾਰ ਬੀਬਾ
ਓਨੀ ਬਾਤ ਕਰਨੀ ਜਿੰਨੀ ਜਾਣਦੇ ਹੋ, ਝੂਠ ਵਾਲੜੀ ਛਡ ਗੁਫਤਾਰ ਬੀਬਾ
ਗੱਲ ਓਹੀ ਕਰਨੀ ਜੇਹੜੀ ਠੀਕ ਹੋਵੇ, ਮੁਖੋਂ ਬੋਲਣਾ ਆਦਿ ਵਿਚਾਰ ਬੀਬਾ
ਗੱਲ ਕਿਸੇ ਦੀ ਵਿਚ ਨਾਂ ਗੱਲਕਰਨੀ, ਕਰਨਾਂ ਕਿਸੇ ਨੂੰ ਨਹੀਂ ਦੁਖਿਆਰ ਬੀਬਾ
ਆਪੇ ਗੱਲ ਕਰਕੇ ਆਪੇ ਹੱਸਣਾ ਨਹੀਂ, ਇਕ ਬਾਤ ਨਾਂ ਕਹੁ ਬਾਰ ਬਾਰ ਬੀਬਾ
ਇਸ਼ ਬਾਤ ਦਾ ਕਦਰ ਜਿਸ ਨਹੀਂ ਕੀਤਾ, ਓਹ ਹੈ ਮੂਰਖਾਂ ਦਾ ਸਰਦਾਰ ਬੀਬਾ

ਭੇਦ ਕਿਸੇ ਦਾ ਕਿਸੇ ਨੂੰ ਦਸਣਾ ਨਹੀਂ, ਭੇਦ ਦਸਣਾਂ ਬੁਰੇ ਦੀ ਕਾਰ ਬੀਬਾ
ਨਹੀਂ ਆਪਣੀ ਆਪ ਤਾਰੀਫ ਕਰਨੀ, ਕਰਨਾਂ ਦੂਜਿਆਂ ਦਾ ਸਤਿਕਾਰ ਬੀਬਾ
ਸੁਆਲ ਕਰਨ ਤੋਂ ਜ਼ਰਾ ਸੰਕੋਚ ਰਖੀਂ, ਬਣੀਂ ਦੁਖੀਆਂ ਦਾ ਗਮਖਾਰ ਬੀਬਾ
ਕਿਸੇ ਹੋਰ ਦੀ ਰੀਸ ਨਾਂ ਕਦੇ ਕਰਨੀ, ਪੱਲਾ ਆਪਣਾ ਲਈਂ ਵਿਚਾਰ ਬੀਬਾ
ਔਗਣ ਦੂਜੇ ਦੇ ਵੇਖ ਅਨਡਿਠ ਕਰਨੇ, ਔਗਣ ਆਪਣੇ ਲਵੋ ਚਿਤਾਰ ਬੀਬਾ
ਡਰਦਾ ਰਹੀਂ ਤੂੰ ਪਾਪ ਦੇ ਕਰਨ ਵਲੋਂ, ਜਾਣੀ ਜਾਣ ਤੂੰ ਸਮਝ ਕਰਤਾਰ ਬੀਬਾ
ਗੁਝੇ ਛਿਪੇ ਭੀ ਕਰਮਾਂ ਨੂੰ ਜਾਣਦਾ ਏ, ਓਹਦੀ ਨਜ਼ਰ ਵਿਚ ਸਾਰਾ ਸੰਸਾਰ ਬੀਬਾ
ਜਿਥੋਂ ਤੀਕ ਹੋਵੇ ਭਲਾ ਕਰੀਂ ਸਭ ਦਾ, ਬੁਰਾ ਕਿਸੇ ਦਾ ਨਹੀਂ ਚਿਤਾਰ ਬੀਬਾ
ਭਲੇ ਮਰਦ ਦਾ ਅੰਤ ਨੂੰ ਭਲਾ ਹੁੰਦਾ, ਬੁਰਾ ਬੁਰੇ ਸੰਦਾ ਆਖਰਕਾਰ ਬੀਬਾ
ਬੰਦਾ ਬੰਨ੍ਹਦਾ ਏ ਦਾਵੇ ਮੁਦਤਾਂ ਦੇ, ਇਕ ਘੜੀ ਦਾ ਨਹੀਂ ਇਤਬਾਰ ਬੀਬਾ
ਚਾਹੇ ਰਾਜ ਹੋਵੇ ਚਾਹੇ ਤਿਆਗ ਹੋਵੇ, ਸੁਖ ਲਭਦਾ ਨਾਲ ਵਿਚਾਰ ਬੀਬਾ
ਜਹੀ ਆਇ ਬਣੇ ਉਸੀ ਤੇ ਖੁਸ਼ ਰਹਿਣਾ, ਵਿਚ ਫਿਕਰ ਨਾ ਉਮਰ ਗੁਜ਼ਾਰ ਬੀਬਾ
ਘਾਟਾ ਪਵੇ ਨਾਂ ਉਨ੍ਹਾਂ ਵਪਾਰੀਆਂ ਨੂੰ, ਸ਼ੁਧ ਜਿਨ੍ਹਾਂ ਦਾ ਹੈ ਵਿਹਾਰ ਬੀਬਾ
ਮਨ ਰਹੇ ਪ੍ਰਮਾਤਮਾਂ ਨਾਲ ਜੁੜਿਆ, ਹਥਾਂ ਨਾਲ ਕਰੀਏ ਸਭ ਕਾਰ ਬੀਬਾ
ਸੁਭ ਸਿੱਖਜਾ ਕਦੇ ਭੁਲਾਵਨੀ ਨਾਂ, ਮੇਰੇ ਵਾਕ ਹਨ ਵੇਦ ਅਨੁਸਾਰ ਬੀਬਾ
ਮਿਲਨਾ ਚਾਹੇਂ ਜੇ ਉਸ ਪ੍ਰਮਾਤਮਾਂ ਨੂੰ, ਕਿਸੇ ਮਹਾਤਮਾਂ ਨੂੰ ਗੁਰੂ ਧਾਰ ਬੀਬਾ
ਚੜ੍ਹਨ ਸੈਂਕੜੇ ਚੰਦ ਨਿਸ਼ੰਗ ਭਾਵੇਂ, ਸੂਰਜ ਚੜ੍ਹੇ ਨਿਸ਼ੰਗ ਹਜ਼ਾਰ ਬੀਬਾ
ਚਾਨਣ ਬ੍ਰਹਮ ਗਿਆਨ ਦਾ ਨਹੀਂ ਹੋਣਾ, ਬਿਨਾਂ ਗੁਰੂ ਤੋਂ ਘੋਰ ਅੰਧਾਰ ਬੀਬਾ
ਪੰਜਾਹ ਬਰਸ ਦੀ ਉਮਰ ਜਦ ਹੋਇ ਤੇਰੀ, ਰਿਖੀ ਕੇਸ਼ ਨੂੰ ਜਾਵੀਂ ਪਧਾਰ ਬੀਬਾ
ਰਾਮ ਨਾਮ ਨੂੰ ਕਦੇ ਭੁਲਾਵਨਾਂ ਨਹੀਂ ਜੋਹੜਾ ਸਾਰਿਆਂ ਦਾ ਰਚਨਹਾਰ ਬੀਬਾ
ਪੰਜ ਤੱਤ ਦੀ ਦੇਹ ਨੇ ਬਿਨਸ ਜਾਣਾ, ਆਤਮ ਦੇਵ ਨਾ ਬਿਨਸਨੇ ਹਾਰ ਬੀਬਾ
ਆਪਣਾ ਰੂਪ ਪਛਾਣ ਕੇ ਸਾਰਿਆਂ ਨੂੰ, ਕਰਨਾਂ ਸਭ ਦੇ ਨਾਲ ਪਿਆਰ ਬੀਬਾ
'ਭਗਤ' ਕਹੇ ਨੇ ਵਾਕ ਅਨੇਕ ਤੈਨੂੰ, ਬਚਨ ਕੋਈ ਤਾਂ ਰਿਦੇ 'ਚ ਧਾਰ ਬੀਬਾ
ਏਹੋ ਬਚਨ ਧਾਰੇ ਰਿਦੇ ਵਿਚ ਜੇੜ੍ਹਾ, ਓਹਨੂੰ ਦੇਵੇਗਾ ਪ੍ਰਭੂ ਦੀਦਾਰ ਬੀਬਾ

(੯੪ ਪੰਗਤੀਆਂ)

ਸਤਿਨਾਮ ਸ੍ਰੀ ਵਾਹਿਗੁਰੂ

ਪ੍ਰਸ਼ਨ-ਉੱਤਰ

ਰਚਿਤ—ਸ੍ਰੀ ਮਾਨ ਭਗਤ ਰਾਮਦਿੱਤਾ ਜੀ ਅਮ੍ਰਿਤਸਰ ਨਿਵਾਸੀ

ਨੰਃ	ਪ੍ਰਸ਼ਨ	ਉਤਰ
੧	ਇਸ਼ਨਾਨ ਕਿਥੇ ਕਰੀਏ ?	ਸ਼ਾਂਤੀ ਸਰੋਵਰ ਵਿਚ ।
੨	ਸੀਤਲ ਬਾਗ ਕੌਣ ਹੈ ?	ਸਤਿਸੰਗ ।
੩	ਬਿਪਤਾ ਸਮੇਂ ਕੀ ਕਰੀਏ ?	ਧੀਰਜ ਧਰੀਏ ।
੪	ਵਡੀ ਤਪਸਿਆ ਕੌਣ ਹੈ ?	ਖਿਮਾਂ ।
੫	ਪ੍ਰਾਣੀ ਦੇ ਨਾਲ ਪ੍ਰਲੋਕ ਵਿਖੇ ਕੀ ਜਾਂਵਦਾ ਹੈ ?	ਕੇਵਲ ਧਰਮ ।
੬	ਧਰਮ ਦਾ ਨਾਸਕ ਕੌਣ ਹੈ ?	ਕ੍ਰੋਧ ।
੭	ਮੋਹਣੀ ਮੰਤਰ ਕੌਣ ਹੈ ?	ਮਿਠਾ ਬਚਨ ।
੮	ਜਗਤ ਵਿਖੇ ਕੈਸੇ ਰਹੀਏ ?	ਨਿਮਾਣਾ ਹੋਇ ਕਰ ।
੯	ਵਿਦਜਾ ਪੜ੍ਹ ਕੇ ਕੀ ਕਰਨਾ ਯੋਗ ਹੈ ?	ਕਿਸੇ ਨੂੰ ਭੀ ਮੰਦਾ ਬਚਨ ਨਾ ਕਹਿਣਾ ।
੧੦	ਹਿਰਦਾ ਸੀਤਲ ਕੈਸੇ ਹੋਵੇ ?	ਸ਼ਾਂਤੀ ਧਾਰਨੇ ਸੇ ।
੧੧	ਇਸਤ੍ਰੀਆਂ ਵਾਸਤੇ ਵਧੀਆ ਗੈਹਣਾ ਕੌਣ ਹੈ ?	ਸ਼ੀਲ ਸੁਭਾਵ ।
੧੨	ਹਥ ਕਿਉਂ ਕਰ ਸੋਭਦੇ ਹਨ ?	ਦਾਨ ਕਰਨੇ ਸੇ ।
੧੩	ਘਰ ਕੈਸੇ ਸ਼ੁੱਧ ਹੋਵੇ ?	ਸੰਤ ਭਗਤ ਨੂੰ ਭੋਜਨ ਛਕਾਣੇ ਸੇ ।
੧੪	ਮੁਖ ਕਿਸ ਦਾ ਸੋਹਣਾ ਹੈ ?	ਜੋ ਮਿੱਠੇ ਬਚਨ ਬੋਲਦਾ ਹੈ ।

ਨੰ:	ਪ੍ਰਸ਼ਨ	ਉਤਰ
੧੫	ਉਬਾਸੀ ਔਣ ਸਮੇਂ ਕੀ ਕਰੀਏ ?	ਮੁਖ ਸਾਮ੍ਹਣੇ ਹਥ ਕਰ ਲਵੇ।
੧੬	ਮਾਇਆ ਕਿਸ ਦੀ ਸਫਲੀ ਹੈ ?	ਦਾਨੀ ਪੁਰਸ਼ ਦੀ।
੧੭	ਪਸ਼ੂ ਕੌਣ ਹੈ ?	ਜੋ ਸ਼ੁਭ ਗੁਣਾਂ ਤੋਂ ਰਹਿਤ ਹੈ।
੧੮	ਰਾਕਸ਼ ਕੌਣ ਹੈ ?	ਜੋ ਦੂਜੇ ਦੇ ਕੰਮ ਨੂੰ ਵਿਗਾੜਦਾ ਹੈ।
੧੯	ਸਾਧ ਕੌਣ ਹੈ ?	ਜਿਸ ਦੇ ਕਰਮ ਨਿਰਮਲ ਹਨ।
੨੦	ਤਿਆਗੀ ਕੌਣ ਹੈ ?	ਜਿਸ ਨੇ ਹੰਕਾਰ ਤਿਆਗਿਆ ਹੈ।
੨੧	ਚੰਚਲ ਮਨ ਕੈਸੇ ਵਸ ਹੋਵੇ ?	ਅਭਿਆਸ ਔਰ ਵੈਰਾਗ ਸੇ।
੨੨	ਮਨੁਸ਼ ਕਾ ਗਹਿਣਾ ਕੌਣ ਹੈ ?	ਸ਼ੁਭ ਗੁਣ।
੨੩	ਗੁਣੀ ਪੁਰਸ਼ ਕਾ ਜ਼ੇਵਰ ਕੌਣ ਹੈ ?	ਬ੍ਰਹਮ ਵਿਦਿਆ।
੨੪	ਵਿਦਵਾਨ ਕਾ ਭੂਖਨ ਕੌਣ ਹੈ ?	ਨਿਰਮਾਨ ਚਿੱਤ।
੨੫	ਨਿਰਮਾਨ ਪੁਰਸ਼ ਕਾ ਭੂਖਨ ਕੌਣ ਹੈ ?	ਆਤਮ ਬੋਧ।
੨੬	ਆਤਮ ਬੋਧੀ ਕਾ ਭੂਖਨ ਕੌਣ ਹੈ ?	ਸ਼ਾਂਤੀ ਸੁਭਾਵ।
੨੭	ਸ਼ਾਂਤੀ ਸੁਭਾਵ ਕਾ ਭੂਖਨ ਕੌਣ ਹੈ ?	ਰਾਗ ਦਵੈਸ਼ ਤੋਂ ਰਹਿਤ ਹੋਣਾ।
੨੮	ਬੁਧੀਮਾਨ ਕਾ ਭੂਖਨ ਕੌਣ ਹੈ ?	ਵਿਚਾਰ।
੨੯	ਧਨ ਪਦਾਰਥ ਦਾ ਵਾਧਾ ਕੈਸੇ ਹੋਵੇ ?	ਧਨ ਦਾਨ ਕਰਨੇ ਸੇ।
੩੦	ਧਨ ਕੈਸੇ ਘਟਦਾ ਹੈ ?	ਜੂਆ ਖੇਲਣੇ ਸੇ।
੩੧	ਬੁਧੀ ਕਿਉਂ ਕਰ ਘਟਦੀ ਹੈ ?	ਚਿੰਤਾ ਕਰਨੇ ਸੇ।
੩੨	ਚਿਖਾ ਦੀ ਭੈਣ ਕੌਣ ਹੈ ?	ਚਿੰਤਾ।
੩੩	ਦਰਗਾਹ ਵਿਚ ਕਿਸਦੇ ਮੁਖ ਪਰ ਥੁਕਾਂ ਪੈਣਗੀਆਂ ?	ਜੋ ਪੁਰਸ਼ ਜਗਤ ਵਿਚ ਫਿਕੇ ਬਚਨ ਬੋਲਦਾ ਹੈ।
੩੪	ਦਰਗਾਹ ਵਿਚ ਆਦਰ ਸਤਿਕਾਰ	ਜੋ ਪੁਰਸ਼ ਧਰਮ ਸਹਿਤ

ਨਃ	ਪ੍ਰਸਨ	ਉਤਰ
	ਕਿਸਦਾ ਹੋਵੇਗਾ ?	ਦੁਨੀਆਂ ਵਿਚ ਮਿਠੇ ਬਚਨ ਬੋਲਦਾ ਹੈ।
੩੫	ਪਰਲੋਕ ਵਿਚ ਕਿਸਦਾ ਮੂੰਹ ਕਾਲਾ ਹੋਵਗਾ ?	ਝੂਠੇ ਪੁਰਸ਼ ਦਾ।
੩੬	ਵਿਸ਼ਟਾ ਕਾ ਜੰਤ ਕੌਣ ਹੋਵੇਗਾ ?	ਜੋ ਆਪਣੀ ਜਵਾਨੀ ਦਾ ਅਭਿਮਾਨ ਕਰੇਗਾ।
੩੭	ਅੰਧ ਮੂਰਖ ਕੌਣ ਹੈ ?	ਜੋ ਧਨ ਅਰ ਭੂਮੀ ਦਾ ਗੁਮਾਨ ਕਰਦਾ ਹੈ।
੩੮	ਦੀਰਘ ਰੋਗ ਕੌਣ ਹੈ ?	ਹਉਮੈ।
੩੯	ਹਉਮੈ ਦੂਰ ਕੈਸੇ ਹੋਵੇ ?	ਯਥਾਰਥ ਵਿਚਾਰ ਸੇ।
੪੦	ਕ ਇਆਂ ਕਿਸ ਪੁਰਸ਼ ਦੀ ਖਰਾਬ ਹੋਇਕੇ ਇਥੇ ਗਲਦੀ ਹੈ ?	ਕਾਮੀ, ਕਰੋਧੀ ਦੀ।
੪੧	ਧਰਮਰਾਜ ਕਿਸ ਪ੍ਰਾਣੀ ਨੂੰ ਤੱਤੇ ਥੰਮ ਨਾਲ ਲਾਕੇ ਸਾੜਦਾ ਹੈ ?	ਜੋ ਪਰ ਇਸਤ੍ਰੀ ਭੋਗਦਾ ਹੈ।
੪੨	ਕਿਸ ਪੁਰਸ਼ ਦਾ ਭਲਾ ਨਹੀਂ ਹੁੰਦਾ ?	ਜਿਸ ਦੇ ਅੰਦਰ (ਤਾਤ ਪਰਾਈ) ਈਰਖਾ ਹੈ।
੪੩	ਬਗਾਨੇ ਪਾਪ ਕੌਣ ਲੈਂਦਾ ਹੈ ?	ਨਿੰਦਕ।
੪੪	ਹਲਕਾਏ ਕੁਤੇ ਵਤ ਕੌਣ ਹੈ ?	ਲੋਭੀ ਪੁਰਸ਼।
੪੫	ਅਸਲੀ ਫਾਂਸੀ ਕੀ ਹੈ ?	ਸੰਸਾਰਕ ਮੋਹ।
੪੬	ਪ੍ਰਬਲ ਅਗਨੀ ਕੌਣ ਹੈ ?	ਕਰੋਧ।
੪੭	ਜਿਸ ਸਮੇਂ ਕ੍ਰੋਧ ਅਗਨੀ ਕਰਕੇ ਹਿਰਦਾ ਤਪ ਜਾਵੇ ਉਸ ਵੇਲੇ ਕੀ ਕਰੀਏ ?	ਠੰਢਾ ਪਾਣੀ ਪੀ ਲਿਆ ਕਰੋ।
੪੮	ਪਿੰਗਲਾ ਪੁਰਸ਼ ਕੌਣ ਹੈ ?	ਆਲਸੀ।

ਨੰ:	ਪ੍ਰਸ਼ਨ	ਉਤਰ
੪੯	ਲਛਮੀ ਕਿਸ ਸੇ ਦੂਰ ਰਹਿੰਦੀ ਹੈ?	ਆਲਸੀ ਅਰ ਦਲਿਦ੍ਰੀ ਸੇ।
੫੦	ਪੁਰਸ਼ ਕੀ ਸੋਚੇ?	ਆਪਣੇ ਦੋਸ਼।
੫੧	ਪਾਪ ਦਾ ਫਲ ਕੀ ਹੈ?	ਦੁਖ।
੫੨	ਪੁੰਨ ਦਾ ਫਲ ਕੀ ਹੈ?	ਸੁਖ।
੫੩	ਸੁਖੀ ਕੌਣ ਹੈ?	ਸੰਤੋਖੀ ਪੁਰਸ਼।
੫੪	ਦੁਖੀ ਕੌਣ ਹੈ?	ਤ੍ਰਿਸ਼ਨਾਲੂ ਪੁਰਸ਼।
੫੫	ਦੈਂਤ ਕੌਣ ਹੈ?	ਨਿਰਦਈ।
੫੬	ਦੇਵਤਾ ਕੌਣ ਹੈ?	ਦਯਾਵਾਨ ਪੁਰਸ਼।
੫੭	ਮਰਨਾ ਕਿਸ ਦਾ ਹਛਾ ਹੈ?	ਨਾਸਤਕ ਦਾ।
੫੮	ਜੀਉਣਾ ਕਿਸਦਾ ਹਛਾ ਹੈ?	ਪਰਉਪਕਾਰੀ ਦਾ।
੫੯	ਡੋਰਾ ਕੌਣ ਹੈ?	ਜੋ ਹਰੀ ਜਸ ਨਹੀ ਸੁਣਦਾ।
੬੦	ਗੂੰਗਾ ਕੌਣ ਹੈ?	ਜੋ ਰਾਮ ਦੇ ਨਾਮ ਦਾ ਸਿਮਰਨ ਨਹੀਂ ਕਰਦਾ।
੬੧	ਅੰਧਾ ਕੌਣ ਹੈ?	ਅਗਿਆਨੀ।
੬੨	ਸੁਜਾਖਾ ਕੌਣ ਹੈ?	ਆਤਮ ਗਿਆਨੀ।
੬੩	ਵਡਾ ਦੁਖ ਕੀ ਹੈ?	ਭੁਖ।
੬੪	ਦਮਾਗ ਕਮਜ਼ੋਰ ਕਿਉਂ ਹੋ ਜਾਂਦਾ ਹੈ।	ਬਹੁਤ ਬੋਲਣੇ ਸੇ।
੬੫	ਬਾਤ ਕਿੰਨੀ ਕੁ ਕਰੀਏ?	ਜਿੰਨੀ ਕੁ ਜਾਣਦੇ ਹੋ।
੬੬	ਆਦਰਮਾਨ ਕਦੋਂ ਤਕ ਰਹੇਗਾ?	ਜਦੋਂ ਤਕ ਤੂੰ ਕੁਛ ਨਹੀਂ ਮੰਗੇਂਗਾ।
੬੭	ਨਾ ਕਹਿਣੇ ਯੋਗ ਕੀ ਹੈ?	ਆਪਣਾ ਯਸ।
੬੮	ਮੁਰਦੇ ਸਮਾਨ ਕੌਣ ਹੈ?	ਜਿਸਦਾ ਸੰਸਾਰ ਵਿਚ ਅਪਯਸ ਹੈ।
੬੯	ਜ਼ਹਿਰ ਕਿਥੇ ਹੈ?	ਕਰੋਧੀ ਦੇ ਰਿਦੇ ਵਿਚ।

ਨੰ:	ਪ੍ਰਸ਼ਨ	ਉਤਰ
੭੦	ਨਾਰੀ ਕੈਸੇ ਸੋਭਦੀ ਹੈ ?	ਪਤੀਬ੍ਰਤ ਧਰਮ ਸੇ।
੭੧	ਕਿਸ ਇਸਤ੍ਰੀ ਦੇ ਨੇਤਰ ਸੋਹਣੇ ਹਨ ?	ਜਿਸ ਦੇ ਨੇਤਰਾਂ ਵਿਚ ਲਜਿਆ ਅਰ ਸ਼ਰਮ ਹੈ।
੭੨	ਪ੍ਰਦੇਸ ਵਿਚ ਸਨਬੰਧੀ ਕੌਣ ਹੈ ?	ਵਿਦਿਆ।
੭੩	ਪਾਪ ਕਰਨ ਤੋਂ ਕੈਸੇ ਹਟੀਏ ?	ਮੌਤ ਨੂੰ ਚੇਤੇ ਰਖੀਏ।
੭੪	ਮੁਕਤ ਕੌਣ ਹੋਵੇਗਾ ?	ਜੋ ਸਭ ਨੂੰ ਪ੍ਰਮੇਸ਼ਰ ਦਾ ਰੂਪ ਸਮਝੇਗਾ।
੭੫	ਵੈਰੀ ਕੌਣ ਹੈ ?	ਆਪਣਾ ਮਨ।
੭੬	ਜਗਤ ਕੈਸੇ ਜਿਤਿਆ ਜਾਵੇ ?	ਮਨ ਨੂੰ ਜੀਤਨੇ ਸੇ।
੭੭	ਕਲਜਾਨ ਮੇ ਵਿਘਨਕਾਰਕ ਕੌਣ ਹੈ ?	ਮਨ ਦੀਆਂ ਵਾਸ਼ਨਾਂ।
੭੮	ਦੁਰਲਭ ਕੀ ਹੈ ?	ਸੰਤ ਸਮਾਗਮ ਹਰੀ ਕਥਾ।
੭੯	ਯਮਦੂਤ ਕਿਸ ਪ੍ਰਾਣੀ ਨੂੰ ਕੁਛ ਨਹੀਂ ਕਹੇਗਾ ?	ਜੋ ਸ਼ੁਧ ਮਨ ਸੇ ਹਰਿ ਹਰਿ ਦਾ ਨਾਮ ਜਪਣੇ ਵਾਲਾ ਹੈ।
੮੦	ਦਰਸ਼ਨ ਕਰਨਾ ਕਿਸ ਦਾ ਹਛਾ ਨਹੀਂ ?	ਜੋ ਨਰਾਇਨ ਦਾ ਭਜਨ ਨਹੀਂ ਕਰਦਾ।
੮੧	ਕਿਸ ਜਗਾ ਨਹੀਂ ਬੈਠਣਾ ਚਾਹੀਦਾ ?	ਜਿਥੇ ਨਰਾਦਰੀ ਹੁੰਦੀ ਹੋਵੇ।
੮੨	ਕਿਸ ਦੇ ਦੁਆਰੇ ਪਰ ਨਹੀਂ ਜਾਣਾ ਚਾਹੀਦਾ ?	ਸ਼ੂਮ ਦੇ।
੮੩	ਧਨ ਕਿਸ ਦਾ ਨਿਸਫਲ ਹੈ ?	ਸ਼ੂਮ ਦਾ।
੮੪	ਕਿਸ ਪਰ ਚੋਰ ਅਰ ਅਗਨੀ ਦੀ ਕਰੋਪੀ ਹੁੰਦੀ ਹੈ ?	ਜੋ ਧਰਮ ਤਿਆਗੀ ਹੈ।
੮੫	ਧਨੀ ਪੁਰਸ਼ ਦਾ ਉਧਾਰ ਕੈਸੇ ਹੋਵੇ ?	ਧਨ ਦਾਨ ਕਰਨੇ ਸੇ।
੮੬	ਕਾਰ ਵਿਹਾਰ ਕਿਸ ਰੀਤੀ ਸੇ ਕਰੀਏ ?	ਛਲ, ਕਪਟ ਨੂੰ ਛੋਡ ਕਰ।
੮੭	ਇਤਬਾਰ ਕਦੋਂ ਤਕ ਰਹੇਗਾ ?	ਜਦੋਂ ਤਕ ਤੂੰ ਛਲ ਅਰ ਕਪਟ

ਨੰ:	ਪ੍ਰਸ਼ਨ	ਉਤਰ
		ਨਹੀਂ ਕਰੇਂਗਾ।
੮੮	ਤਿਆਗਣੇ ਯੋਗ ਕੀ ਹੈ ?	ਈਰਖਾ।
੮੯	ਗ੍ਰਹਿਣ ਕਰਨੇ ਯੋਗ ਕੀ ਹੈ ?	ਪ੍ਰੇਮਾ ਭਗਤੀ।
੯੦	ਪ੍ਰਭੂ ਨੂੰ ਕੀ ਭਾਂਵਦਾ ਹੈ ?	ਪ੍ਰੇਮ।
੯੧	ਮਿੱਤਰ ਕੌਣ ਹੈ ?	ਜੋ ਬਿਪਤਾ ਸਮੇਂ ਸਹਾਇਤਾ ਕਰੇ।
੯੨	ਮਦਾਰੀ ਦੀ ਖੇਲ ਵਤ ਕੀ ਹੈ ?	ਜਗਤ।
੯੩	ਜਗਤ ਤਾਂ ਸਚਾ ਪ੍ਰਤੀਤ ਹੁੰਦਾ ਹੈ ?	ਰਾਤ ਨੂੰ ਸੁਪਨਾ ਭੀ ਸਚਾ ਪ੍ਰਤੀਤ ਹੁੰਦਾ ਹੈ।
੯੪	ਆਤਮ ਗਿਆਨ ਕੈਸੇ ਹੋਵੇ ?	ਤੀਬਰ ਵੈਰਾਗਜ ਸੇ।
੯੫	ਮਾਧੋ ਸਰਬ ਵਿਆਪੀ ਕੈਸੇ ਹੈ ?	ਜੈਸੇ ਦੂਧ ਮੇਂ ਘੀ।
੯੬	ਪ੍ਰਮੇਸ਼ਰ ਕੀ ਕੰਮ ਕਰਦਾ ਹੈ ?	ਸਰਬ ਜੀਆਂ ਨੂੰ ਕਰਮਾਂ ਦਾ ਫਲ ਭੁਗਾਵਾ ਰਿਹਾ ਹੈ।
੯੭	ਪ੍ਰਮੇਸ਼ਰ ਕ੍ਰਿਪਾਲੂ ਹੈ ਕਿ ਨਿਆਇਕਾਰੀ ?	ਭਗਤਾਂ ਪਰ ਕਿਰਪਾਲੂ ਤੇ ਪਾਪੀਆਂ ਲਈ ਨਿਆਇ-ਕਾਰੀ ਹੈ।
੯੮	ਪ੍ਰਮੇਸ਼ਰ ਦੇ ਦਰਸ਼ਨ ਕਦੋਂ ਹੋਣਗੇ।	ਜਦੋਂ ਸਮ ਦ੍ਰਿਸ਼ਟੀ ਕਰੋਗੇ।
੯੯	ਕਿਸ ਦਿਨ ਇਹ ਪ੍ਰਸ਼ਨ ਉਤਰ ਪੜ੍ਹਨੇ ਚਾਹੀਏ ?	ਹਰ ਰੋਜ਼।
(੧੦੦)	ਹਰ ਰੋਜ਼ 'ਪ੍ਰਸ਼ਨ-ਉਤ੍ਰ' ਪੜਨ ਕਰਕੇ ਕੀ ਲਾਭ ਹੋਵੇਗਾ ?	ਰਿਦੇ ਵਿਚੋਂ ਦੋਸ਼ਾਂ ਦੀ ਨਵਿਰਤੀ ਅਰ ਸ਼ੁਭ ਗੁਣ ਪਰਾਪਤ ਹੋਣਗੇ।

ਲੇਖਕ—ਭਗਤ ਰਾਮਦਿੱਤਾ ਗਲੀ ਵਸਤੀ ਰਾਮ ਕਣਕ ਮੰਡੀ ਅਮ੍ਰਿਤਸਰ

ਇਸਤ੍ਰੀ ਸਿੱਖਿਆ

ਰਚਿਤ—ਸ੍ਰੀ ਮਾਨ ਭਗਤ ਰਾਮਦਿੱਤਾ ਜੀ ਅਮ੍ਰਿਤਸਰ ਨਿਵਾਸੀ

ਭਗਤ ਆਖਦਾ ਬੜੇ ਪਿਆਰ ਸੇਤੀ, ਮੇਰੀ ਬਾਤ ਤੇ ਧਰੋ ਧਿਆਨ ਬੀਬੀ
ਕਵਿਤਾ ਲਿਖੀ ਮੈਂ ਬੜੀ ਪ੍ਰੀਤ ਲਾਕੇ, ਪੜ੍ਹੋ ਪ੍ਰੇਮ ਦੇ ਨਾਲ ਸੁਜਾਨ ਬੀਬੀ
ਸੁਬ੍ਹਾ ਉਠ ਕੇ ਨਿਤ ਇਸ਼ਨਾਨ ਕਰਨਾ, ਨਾਲ ਪ੍ਰੇਮ ਦੇ ਜਪੋ ਭਗਵਾਨ ਬੀਬੀ
ਨੀਵੇਂ ਨੈਣ ਰਸੀਲੀ ਜ਼ਬਾਨ ਰਖੀਂ, ਜੀ ਕਹੀਂ ਤੇ ਰਹੀਂ ਨਿਰਮਾਨ ਬੀਬੀ
ਹਸੂ ਹਸੂ ਕਰਦੇ ਰਹਿਣਾ ਖਿੜੇ ਮਥੇ, ਹੋਣਾ ਕਦੇ ਨਾਹੀਂ ਕ੍ਰੋਧਵਾਨ ਬੀਬੀ
ਧੀਰਜ, ਧਰਮ, ਸੰਤੋਖ ਤੇ ਸਤ ਸ਼ਾਂਤੀ, ਰਸਤਾ ਸਮਝਨਾ ਇਹ ਕਲਜਾਨ ਬੀਬੀ
ਘਰ ਸੌਹਰਿਆਂ ਦੇ ਜਾਇ ਕਰੀਂ ਸੇਵਾ, ਮਾਨ ਪਾਏਂਗੀ ਵਿਚ ਜਹਾਨ ਬੀਬੀ
ਨੇਕ ਗੁਣ ਤੇ ਖਿਮਾਂ ਸ਼ਿੰਗਾਰ ਲਾਵੀਂ, ਪਤੀ ਸਮਝਨਾ ਰੂਪ ਭਗਵਾਨ ਬੀਬੀ
ਸੌਹਰੇ ਸਸ ਦੀ ਆਗਿਆ ਨਿਤ ਪਾਲੀਂ, ਛਡ ਦੇਵਣਾ ਦੇਹ ਅਭਿਮਾਨ ਬੀਬੀ
ਸਸ ਆਪਣੀ ਨੂੰ ਮਾਤਾ ਵਾਂਗ ਜਾਣੀਂ, ਤੇ ਜਠਾਣੀ ਹੈ ਸਸ ਸਮਾਨ ਬੀਬੀ
ਦੇਵਰ ਭਾਈ ਤੇ ਭੈਣ ਨਿਨਾਨ ਜਾਣੀ, ਜੇਠ ਸੌਹਰੇ ਨੂੰ ਪਿਤਾ ਪਛਾਨ ਬੀਬੀ
ਗਲ ਸੌਹਰਿਆਂ ਦੀ ਪੇਕੇ ਦਸਨੀ ਨਹੀਂ, ਰਹੀਂ ਨਿਮਰ ਨਾਲੇ ਧੀਰਜਵਾਨ ਬੀਬੀ
ਘਰ ਦੀ ਗਲ ਨਾ ਭੁਲ ਕੇ ਬਾਹਰ ਕਰਨੀ, ਮੰਨੀਂ ਅਰਜ ਮੇਰੀ ਦਯਾਵਾਨ ਬੀਬੀ
ਭੰਡੀਂ ਪਤੀ ਨਾ ਸਹੀਆਂ ਦੇ ਵਿਚ ਬੈਹਕੇ, ਘਟ ਕਰੀਂ ਨਾ ਪਤੀ ਦੀ ਸ਼ਾਨ ਬੀਬੀ
ਹੋਵੇ ਦੋਸ਼ ਜੇ ਪਤੀ ਦੇ ਵਿਚ ਕੋਈ, ਦੇਣਾ ਵਾਂਗ ਸਮਝਾਇ ਵਿਦਵਾਨ ਬੀਬੀ
ਹਠ ਪਤੀ ਦਾ ਨਿੰਮਰਤਾ ਨਾਲ ਰੋਕੀਂ, ਘਰ ਬਨਾਵਣਾ ਸ੍ਵਰਗ ਸਮਾਨ ਬੀਬੀ
ਜੇ ਕਰ ਚਾਹ ਹੈ ਬੁਧ ਵਧਾਵਣੇ ਦੀ, ਸੁਬ੍ਹਾ ਉਠ ਕੇ ਕਰੋ ਇਸ਼ਨਾਨ ਬੀਬੀ
ਵੰਡ ਖਾਵੀਏ ਰਿਜ਼ਕ ਜੇ ਰਬ ਦੇਵੇ, ਪੈਸਾ ਕੰਮ ਕੇਹੜੇ ਬਿਨਾਂ ਦਾਨ ਬੀਬੀ
ਸੁਖ ਉਨ੍ਹਾਂ ਨੂੰ ਨਹੀਂ ਨਸੀਬ ਹੁੰਦਾ, ਸੰਤ, ਭਗਤ ਨੂੰ ਜੇਹੜੇ ਦੁਖਾਨ ਬੀਬੀ
ਕਰਨੀ ਗਲ ਆਪੇ, ਆਪੇ ਹਸ ਪੈਣਾ, ਏਹ ਮੂਰਖ ਦਾ ਲਛਨ ਪਛਾਨ ਬੀਬੀ
ਪ੍ਰਾਰਬਧ ਅਨੁਸਾਰ ਜੋ ਮਿਲ ਜਾਵੇ, ਕਰਨੀ ਓਸ ਦੇ ਵਿਚ ਗੁਜ਼ਰਾਨ ਬੀਬੀ

ਪ੍ਰਾਰਬਧ ਸਰੀਰ ਦੀ ਬਣੀ ਪਹਿਲੇ, ਪਿਛੋਂ ਧਾਰਦਾ ਜਨਮ ਇਨਸਾਨ ਬੀਬੀ
ਜੀਆ ਜੰਤ ਅਨੰਤ ਨਾ ਅੰਤ ਆਵੇ, ਦੇਂਦਾ ਕੁਲ ਨੂੰ ਖਾਣ ਪਹਿਰਾਨ ਬੀਬੀ
ਜਿਧਰ ਵੇਖਨੇ ਹਾਂ ਓਹੀ ਨਜ਼ਰ ਆਵੇ, ਜਿਸਦੇ ਆਸਰੇ ਕੁਲ ਜਹਾਨ ਬੀਬੀ
ਸਾਦਾ ਵੇਸ ਰਖੇ ਜੋ ਕੋਈ ਹਿੰਦ ਵਾਲਾ, ਨਾਰੀ ਸੋਈ ਹੈ ਸੁਘੜ ਸੁਜਾਨ ਬੀਬੀ
ਨੇਕ ਕੰਮ ਕਰਦੇ ਜੀਹਦੇ ਪਿਤਾ ਮਾਤਾ, ਹੋਵੇ ਉਹਨਾਂ ਦੀ ਸ਼ੁਭ ਸੰਤਾਨ ਬੀਬੀ
ਨਰਮ ਚਿਤ ਤੇ ਕੋਮਲ ਸੁਭਾਵ ਰਖੀਂ, ਆਏ ਗਰੀਬ ਨੂੰ ਦੇਵਣਾ ਦਾਨ ਬੀਬੀ
ਆਖੇ ਲਗ਼ ਮੇਰੇ ਘਰ ਦਾ ਛਡ ਦਾਵਾ, ਸੌਹਰੇ ਸਸ ਦੀ ਆਗਿਆ ਮਾਨ ਬੀਬੀ
ਦਾਵਾ ਛਡਿਆਂ ਹੋਂਵਦੀ ਗੁਜਰ ਚੰਗੀ, ਦਾਵਾ ਕਰਨ ਵਾਲੇ ਦੁਖ ਪਾਨ ਬੀਬੀ
ਫਾਂਸੀ ਮੋਹ ਵਰਗੀ ਹੋਰ ਨਹੀਂ ਫਾਂਸੀ, ਲੋਭ ਜਹੀ ਨਾ ਦੁਖਾਂ ਦੀ ਖਾਨ ਬੀਬੀ
ਜਗ ਉਤੇ ਚੰਡਾਲ ਨਾ ਕ੍ਰੋਧ ਜਿਹਾ, ਕਾਮ ਜੇਡ ਨਾ ਹੋਰ ਬਲਵਾਨ ਬੀਬੀ
ਕਾਹਲੀ ਨਾਲ ਜੇਕਰ ਕੋਈ ਕੰਮ ਕਰੀਏ, ਹਥੋਂ ਹੋਂਵਦਾ ਸਗੋਂ ਨੁਕਸਾਨ ਬੀਬੀ
ਓਸ ਜਗ੍ਹਾ ਉਤੇ ਸ਼ਾਂਤੀ ਠਹਿਰਦੀ ਨਹੀਂ, ਜਿਥੇ ਕ੍ਰੋਧ ਜੀ ਹੋਣ ਪ੍ਰਧਾਨ ਬੀਬੀ
ਜਿਚਰ ਤੀਕ ਨਾ ਦਿਲੋਂ ਵੈਰਾਗ ਹੋਵੇ, ਉਚਰ ਤੀਕ ਨਾ ਮਿਟੇ ਅਭਿਮਾਨ ਬੀਬੀ
ਉਹਨੇ ਦਰਸ ਗੋਬਿੰਦ ਦਾ ਪਾਵਣਾ ਕੀ, ਕੀਤੀ ਜਿੰਦ ਨਾ ਜਿੰਨ੍ਹੇ ਕੁਰਬਾਨ ਬੀਬੀ
ਹੋਣਾ ਓਸ ਨੇ ਭਵਜਲੋਂ ਪਾਰ ਕੀ ਏ, ਕੀਤਾ ਜਿਸ ਨੇ ਕਦੇ ਨਾ ਦਾਨ ਬੀਬੀ
ਓਸ ਸਖੀ ਦੇ ਘਰ ਨਾ ਮੂਲ ਜਾਵੀਂ, ਜੇਹੜੀ ਦੇਵੇ ਨਾਹੀਂ ਆਦਰਮਾਨ ਬੀਬੀ
ਸੰਤ ਭਗਤ ਜੋ ਆਇ ਦੁਆਰ ਉਤੇ, ਖਾਲੀ ਮੋੜਿਆਂ ਰੁਠੇ ਭਗਵਾਨ ਬੀਬੀ
ਸੇਵਾ ਕਰਨ ਅਮੀਰ ਦੀ ਕੁਲ ਬੰਦੇ, ਵਿਰਲੇ ਕਰਨ ਫਕੀਰ ਦਾ ਮਾਨ ਬੀਬੀ
ਨੇਕੀ ਉਨ੍ਹਾਂ ਦੀ ਕਰੇ ਜਹਾਨ ਸਾਰਾ, ਜੇਹੜੇ ਨੇਕ ਅਮਾਲ ਕਮਾਨ ਬੀਬੀ
ਜਸ ਜੀਵਣਾ ਅਤੇ ਅਪਜਸ ਮਰਨਾ, ਏਹੋ ਆਖਦੇ ਵੇਦ ਪੁਰਾਨ ਬੀਬੀ
ਗਲ ਅਕਲ ਵਾਲੇ ਪਹਿਲੇ ਸੋਚ ਲੈਂਦੇ, ਮੂਰਖ ਲੋਗ ਪਿਛੋਂ ਪਛਤਾਨ ਬੀਬੀ
ਭੇਦ ਕਿਸੇ ਦਾ ਕਿਸੇ ਨੂੰ ਦਸਣਾ ਨਹੀਂ, ਭੇਦ ਦਸਣਾਂ ਬੜਾ ਨੁਕਸਾਨ ਬੀਬੀ
ਚੁਗਲੀ ਈਰਖਾ ਕਿਸੇ ਦੀ ਨਹੀਂ ਕਰਨੀ, ਏਹਦੇ ਵਿਚ ਹੈ ਧਰਮ ਦੀ ਹਾਨ ਬੀਬੀ
ਥੋੜਾ ਸੈਨ ਕਰਨਾ ਥੋੜਾ ਖਾਵਣਾ ਏਂ, ਮਿਠੀ ਬੋਲਣਾ ਸਦਾ ਜ਼ਬਾਨ ਬੀਬੀ
ਨਾਲ ਗੁਵਾਂਢਣਾਂ ਮੇਲ ਮਿਲਾਪ ਰਖਣਾ, ਚੰਗਾ ਨਹੀਂ ਹੈ ਦਿਲ ਦੁਖਾਨ ਬੀਬੀ

ਮਤੇ ਸੁਣਨ ਪਰ ਕਰੇ ਜੇ ਅਮਲ ਪੂਰਾ, ਹੋਸੀ ਲੋਕ ਪਰਲੋਕ ਮੇਂ ਮਾਨ ਬੀਬੀ
ਆਪ ਸਣੇ ਸਰਬੱਤ ਗੋਬਿੰਦ ਦੇਖੀਂ, ਏਹੋ ਸਮਝਣਾ ਬ੍ਰਹਮ ਗਿਆਨ ਬੀਬੀ
ਲਿਖਿਆ ਵੇਦ ਅੰਦਰ ਧਰਮ ਇਸਤ੍ਰੀ ਦਾ, ਸੋਈ'ਭਗਤ' ਨੇ ਕੀਤਾ ਵਖਯਾਨ ਬੀਬੀ
ਸੰਮਤ ਵੀਹ ਸੋ ਇਕ ਹੈ ਬਿਕ੍ਰਮੀ ਦਾ ਪਹਿਲੀ ਸਾਵਣ ਟੀਕਾ ਛਪਿਆ ਆਨ ਬੀਬੀ
ਜਿਥੇ ਭੁਲ ਹੋਵੇ ਤੁਸਾਂ ਬਖਸ਼ਨੀ ਜੇ, ਬਹੁਤਾ ਨਹੀਂ ਹਾਂ ਮੈਂ ਵਿਦਵਾਨ ਬੀਬੀ
ਨਜ਼ਰ ਘਟ ਮੇਰੀ ਨਾਉ 'ਰਾਮਦਿਤਾ', ਭਗਤ ਆਖਕੇ ਲੋਕ ਬੁਲਾਨ ਬੀਬੀ
ਚੌਤਾਲੀ ਸਾਲ ਦੀ ਉਮਰ ਹੁਣ ਦਾਸ ਦੀ ਏ, ਮਿਥਯਾ ਸਮਝਿਆ ਸਭ ਜਹਾਨ ਬੀਬੀ
ਆਸਾ ਵਾਰ ਜੋ ਪ੍ਰੇਮ ਦੇ ਨਾਲ ਪੜ੍ਹਦਾ, ਆਸਾਂ ਪੂਰੀਆਂ ਕਰੇ ਭਗਵਾਨ ਬੀਬੀ
ਆਸਾ ਵਾਰ ਜੋ ਪ੍ਰੇਮ ਦੇ ਨਾਲ ਸੁਣਦੇ, ਮਨੋ ਇੱਛਿਆ ਦਾ ਫਲ ਪਾਨ ਬੀਬੀ
ਆਸਾ ਵਾਰ ਦੀ ਕਰੇ ਵੀਚਾਰ ਜੇਹੜਾ, ਹੋਵੇ ਓਸ ਨੂੰ ਬ੍ਰਹਮ ਗਿਆਨ ਬੀਬੀ
ਆਸਾ ਵਾਰ ਦਾ ਵਲ ਨਹੀਂ ਕਹਿਆ ਜਾਂਦਾ, ਮੇਰੀ ਗਈ ਜੇ ਥਕ ਜਬਾਨ ਬੀਬੀ

(੫੭ ਪੰਗਤੀਆਂ)

ਲਾਭਦਾਇਕ ਗਿਣਤੀ

੪ ਖਾਣੀਆਂ

ਅੰਡਜ ਜੇਰਜ ਸੇਤਜ ਕੀਨੀ। ਉਤਭੁਜ ਖਾਨਿ ਬਹੁਰ ਰਚ ਦੀਨੀ।

੪ ਖਾਣੀਆਂ ਦੇ ਅਸਥਾਨ

ਦੋਹਿਰਾ—ਪਰਾ ਧੁੰਨੀ ਮੇਂ ਜਾਨੀਏ, ਪਸੰਤੀ ਹਿਰਦੇ ਮਾਹਿ ॥
ਮਧਮਾ ਕੰਠੇ ਜਾਨੀਏ, ਬੈਖਰੀ ਮੁਖ ਕੇ ਮਾਹਿ ॥

੪ ਵੇਦ

ਦੋਹਿਰਾ—ਬੇਦ ਚਤਰ ਜਗ ਜਾਨੀਏ, ਰਿਗ, ਯੁਜਰ ਅਰ ਸ਼ਾਮ।
ਅਹੇ ਅਥਰਵਣ ਚਤਰਥੋ, ਯਹ ਸਭ ਤਿਨ ਕੇ ਨਾਮ।

੪ ਕਤੇਬਾਂ

ਦੋਹਿਰਾ—ਜੰਬੂਰ, ਤਊਰੇਤ ਲਖ, ਪੁਨ ਅੰਜੀਲ, ਕੁਰਾਨ।
ਏਹ ਕਤਾਬਾਂ ਚਾਰ ਹਨ, ਜਾਨੋ ਚਤਰ ਸੁਜਾਨ।

੫ ਮੁਕਤੀਆਂ

ਦੋਹਿਰਾ—ਸਲੋਕ, ਸਮੀਪ, ਸਰੂਪ ਹੈ, ਅਵਰ ਸੁਜੁਜਹਿ ਜਾਨ।
ਪੰਜਵੀਂ ਕੈਵਲਯ ਮੁਕਤਿ ਹੈ, ਸ਼ਾਸਤ੍ਰ ਕਰੇ ਬਖਾਨ।

੫ ਭੇਦ

ਦੋਹਿਰਾ—ਜੀਵ ਈਸ, ਜੜ ਜੀਵ, ਪੁਨ, ਜੀਵ ਪਰਸਪਰ ਜਾਨ।
ਈਸ਼੍ਵਰ ਜੜ੍ਹ, ਜੜ੍ਹ ਪਰਸਪਰ, ਭੇਦ ਪੰਚ ਪਹਿਚਾਨ।

੫ ਭਰਮ

ਦੋਹਿਰਾ—ਭੇਦ ਭਰਮ ਕਰਤੱਤ ਭ੍ਰਮ, ਪੁਨ ਭ੍ਰਮ ਸੰਗ ਬਿਕਾਰ।
ਬ੍ਰਹਮ ਇਤ੍ਰ ਜਗ ਸੱਤ ਭ੍ਰਮ, ਪਾਂਚੋ ਭ੍ਰਮ ਸੰਸਾਰ।

੫ ਭਰਮ ਨਵਿਰਤੀ

ਦੋਹਿਰਾ—ਬਿੰਬ ਪ੍ਰਤਿਬਿੰਬ, ਲੋਹਿਤ, ਸਫਟਕ, ਘਟਾਕਾਸ ਗੁਣ ਮਾਰ।
ਕਨਕ ਕੁੰਡਲ, ਦ੍ਰਿਸ਼ਟਾਂਤ ਦੇ, ਪਾਂਚੋ ਭਰਮ ਨਿਵਾਰ।

੬ ਜੋਤੀਆਂ

ਦੋਹਿਰਾ—ਸੂਰਜ, ਚੰਦ, ਤਾਰੇ, ਅਗਨਿ, ਬਿਜਲੀ, ਬਾਣੀ, ਜਾਨ।
ਸਾਧਕ ਜਗ ਬਿਵਹਾਰ ਕੇ, ਖਟ ਜਜੋਤੀ ਪਹਿਚਾਨ।

੬-ਕਰਮ ਸਨਾਤਨੀ

ਦੋਹਿਰਾ—ਦੇਵ ਅਰਚ, ਪੂਜਾ ਅਤਿਥਿ, ਸੰਧਜਾ, ਜਪੁ ਇਸ਼ਨਾਨ।
ਹੋਮ, ਸਨਾਤਨ ਕਰਮ ਇਹ, ਖਸ਼ਟ ਲੀਜੀਏ ਜਾਨ।

੬ ਸ਼ਾਸਤ੍ਰ

ਦੋਹਿਰਾ—ਸਾਂਖ, ਨਿਯਾਯ, ਬਸ਼ੇਸ਼ਕੋ ਔਰ ਮਿਮਾਸਾ ਜਾਨ।
ਪਾਤੰਜਲ, ਵੇਦਾਂਤ ਪੁਨ, ਖਟ ਸ਼ਾਸਤ੍ਰ ਯਹ ਮਾਨ।

੬ ਰੁੱਤਾਂ

ਦੋਹਿਰਾ—ਰੁਤ ਬਸੰਤ ਗ੍ਰੀਖਮ ਅਰ, ਪਾਵਸ, ਸਰਦ ਪਛਾਨ।
ਹਿਮ ਔ ਸਿਸਰ ਬਖਾਨੀਏ, ਖਟ ਰੁਤ ਕਰਤ ਬਖਾਨ।

੬ ਰਸ

ਦੋਹਿਰਾ—ਮਧੁਰੰ ਕਟੁਕ, ਕਖਾਇ ਪੁਨ,ਲਵਣ ਅਮਲ ਲਖ ਲੇਹ।
ਖਸਟਮ ਤਿਕਤ ਬਖਾਨੀਏ, ਭੋਜਨ ਖਟ, ਰਸ ਏਹ।

੭ ਸਮੁੰਦ੍ਰ

ਦੋਹਿਰਾ—ਲਵਣ, ਈਖ, ਘ੍ਰਿਤ ਬਾਰਨੀ, ਦੂਧ, ਦਹੀ ਅਰ ਨੀਰ।
ਇਹੀ ਸਮੁੰਦਰ ਸਪਤ ਹੈਂ, ਭਾਖਤ ਕਵਿ ਜਨ ਧੀਰ।

੭ ਦੀਪ

ਦੋਹਿਰਾ—ਜੰਬੂ, ਪਲਖ ਬਖਾਨੀਏ, ਸਾਲਮਿਲੀ, ਕੁਸ ਚੀਨ।
ਕ੍ਰੌਚਕ, ਸਾਕਲ, ਪੁਸਕਰੰ, ਸਪਤ ਦੀਪ ਕਹ ਦੀਨ।

੭ ਲੋਕ ਉਪਰਲੇ

ਦੋਹਿਰਾ—ਭੂਰ, ਭੁਵਰ, ਸ੍ਵਰ, ਮਹਰਪੁਨ, ਜਨ, ਤਪ, ਔਰ ਬਖਾਨ।
ਸੱਤ ਲੋਕ, ਸਪਤਮ ਲਖੋ, ਉਰਧ ਲੋਕ ਸਤ ਜਾਨ।

੭ ਲੋਕ ਨੀਚੇ ਦੇ

ਦੋਹਿਰਾ—ਅਤਲ, ਬਿਤਲ, ਪੁਨ ਸੁਤਲ ਲਖ, ਅਵਰ ਤਲਾਤਲ ਮਾਨ।
ਰਾਸਾਤਲ, ਮਾਹਾਤਲੰ, ਪੁਨ ਪਤਾਲ, ਅਧ ਜਾਨ।

੭ ਪੁਰੀਆਂ

ਸਲੋਕ—ਅਯੁਧਯਾ ਮਥੁਰਾ ਮਾਯਾ ਕਾਂਸ਼ੀ ਕਾਂਤੀ ਅਵੰਤਿਕਾ।
ਪੁਰੀ ਦ੍ਵਾਰਾ ਵਤੀ ਗੇਯਾ ਸਪਤ ਏਤਾ ਮੋਖ ਦਾਯਕਾ।

੮ ਧਾਤਾਂ ਸਰੀਰ ਦੀਆਂ

ਦੋਹਿਰਾ—ਅਸਥ, ਮਿਝ, ਤ੍ਵਚਾ, ਰੁਧਿਰ, ਪੁਨ ਚਰਬੀ ਮਾਂਸ, ਔ ਮੇਧ।
ਬੀਰਜ ਅਸਟਮ ਜਾਨੀਏ, ਅਸਟ ਧਾਤੁ ਕੇ ਭੇਦ।

੮ ਸਿਧੀਆਂ ਮੁਖਿ

ਦੋਹਿਰਾ—ਅਣਮਾ, ਮਹਿਮਾ, ਗਰਮਤਾ, ਲਘਮਾ, ਪ੍ਰਾਪਤ ਕਾਮ।
ਬਸੀ ਕਰਨ, ਪੁਨ ਈਖਤਾ, ਅਸਟ ਸਿੱਧ ਕੇ ਨਾਮ।

ਨੌ ਨਿਧੀਆਂ

ਦੋਹਿਰਾ—ਮਹਾਂ ਪਦਮ ਅਰ ਪਦਮ ਲਖ, ਸੰਖ, ਨੀਲ, ਪੁਨ ਕੁੰਦ।
ਕਛਪ, ਖਰਭ, ਸੁਮਕਰ, ਭਨ ਨਵ ਨਿਧ ਜਾਨ ਮੁਕੰਦ।

੯ ਖੰਡ

ਦੋਹਿਰਾ—ਇਲਾਬਰਤ, ਕੁਰੁ ਹਿਰਣਮਯ, ਕੇਤੁਮਾਲ, ਹਰਿਬਰਖ।
ਰੰਮਕ, ਭੱਦਰ ਜਾਨੀਏ, ਭਾਰਤ, ਔ ਕਿੰ ਪੁਰਖ।

੯ ਨਾਥ

ਦੋਹਿਰਾ—ਗੋਰਖ, ਪ੍ਰਾਣ, ਮਛੰਦਰ ਪੁਨ, ਘੁਘੂ ਚਰਪਟ ਨਾਥ।
ਗੋਪੀ, ਮੰਗਲ, ਸੁਰਤ ਪੁਨ, ਨੌਵਾਂ ਚੰਬਾ ਨਾਥ।

੯ ਗ੍ਰਿਹਿ

ਦੋਹਿਰਾ—ਸੂਰਜ, ਚੰਦ, ਮੰਗਲ, ਬੁਧ, ਬ੍ਰਹਸਪਤਿ ਸ਼ੁਕ੍ਰ ਜਾਨ।
ਸ਼ਨੀ, ਰਾਹੁ, ਕੇਤੂ, ਲਖੋ, ਨਵ ਗ੍ਰਿਹਿ ਸੁਖ ਦੁਖ ਦਾਨ।

੯ ਧਾ ਭਗਤੀ

ਸਲੋਕ—ਸ੍ਰਵਣੰ, ਕੀਰਤਨੰ, ਵਿਸ਼ਣੋਂ, ਸਿਮਰਣੰ, ਪਾਦ ਸੇਵਨੰ।
ਅਰਚਨੰ, ਬੰਦਨੰ, ਦਾਸਜ, ਸਖਜ, ਆਤਮ ਨਿਵੇਦਨੰ।

੧੨ ਰਾਸੀਆਂ

ਦੋਹਿਰਾ—ਮੇਖ ਬਿਰਖ ਮਿਥਨੋ ਕਰਕ, ਸਿੰਘ ਕੰਨਜਾ ਤੁਲ ਜਾਨ।
ਬ੍ਰਿਸਚਕ ਧਨ ਅਰ ਮਕਰ ਕੁੰਭ, ਮੀਨ ਦ੍ਵਾਦਸੀ ਮਾਨ।

੧੪ ਰਤਨ

ਦੋਹਿਰਾ—ਸ੍ਰੀ, ਮਣ, ਰੰਭਾ, ਬਾਰਣੀ, ਅਮੀ, ਸੰਖ, ਗਜ, ਬਾਜ।
ਸਮੀ, ਕਲਪਤਰ, ਧੇਨ, ਬਿਖ, ਧਨੁਖ, ਧਨੰਤ੍ਰਰਾਜ।

੧ ਓ ਸਤਿਗੁਰਪ੍ਰਸਾਦਿ ॥

ਆਸਾ ਦੀ ਵਾਰ

ਸਟੀਕ

[ਟੀਕਾਕਾਰ—ਭਗਤ ਰਾਮਦਿੱਤਾ ਜੀ]
ਅਮ੍ਰਿਤਸਰ ਨਿਵਾਸੀ

---

੧ ਓ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਆਸਾ ਮਹਲਾ ੧

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ ॥

ਇਹ ਵਾਰ ਸਲੋਕਾਂ ਦੇ ਨਾਲ ਹੈ ਤੇ ਸਲੋਕ ਭੀ ਬਹੁਤੇ ਪਹਿਲੇ ਪਾਤਸ਼ਾਹ ਜੀ ਦੇ ਲਿਖੇ ਹੋਏ ਹਨ। ਛੇਵੇਂ ਪਾਤਸ਼ਾਹਜੀ ਦੀ ਰਾਗੀਆਂ ਨੂੰ ਆਗਿਆ ਹੈ ਕਿ ਆਸਾ ਦੀ ਵਾਰ ਟੁੰਡੇ ਅਸਰਾਜ ਦੀ ਧੁਨੀ ਤੇ ਗਾਵਣੀ। ਟੁੰਡੇ ਅਸਰਾਜ ਦਾ ਪ੍ਰਸੰਗ ਇਉਂ ਹੈ:—

ਸਾਰੰਗ ਰਾਜੇ ਦਾ ਅਸਰਾਜ ਨਾਮ ਕਰਕੇ ਇਕ ਪੁਤ੍ਰ ਸੀ।

ਬੁਢੇਪੇ ਵਿਚ ਉਸ ਨੇ ਇਕ ਹੋਰ ਰਾਣੀ ਵਿਆਹੀ । ਉਸ ਨਵੀਂ ਰਾਣੀ ਨੇ ਆਪਣੀ ਜਵਾਨੀ ਦੀ ਮਸਤੀ ਵਿਚ ਆਪਣੇ ਮਤ੍ਰਏ ਪੁਤ੍ਰ ਅਸਰਾਜ ਨੂੰ ਧਰਮ ਤੋਂ ਡੇਗਣ ਲਈ ਬੜੇ ਉਪਰਾਲੇ ਕੀਤੇ, ਪਰੰਤੂ ਪ੍ਰਮੇਸ੍ਰ ਦੀ ਕਿਰਪਾ ਨਾਲ ਅਸਰਾਜ ਆਪਣੇ ਧਰਮ ਤੋਂ ਨਾ ਡਿੱਗਿਆ। ਜਦ ਰਾਣੀ ਨੇ ਆਪਣੀਆਂ ਕੁਟਲਤਾ ਭਰੀਆਂ ਗੱਲਾਂ ਵਿਚ ਕਾਮਯਾਬੀ ਨਾ ਦੇਖੀ ਤਾਂ ਆਪਣੇ ਪਤੀ ਸਾਰੰਗਰਾਜੇ ਪਾਸ ਅਸਰਾਜ ਉਤੇ ਉਲਟੇ ਝੂਠੇ ਦੋਸ਼ ਥੱਪ ਕੇ ਫਾਂਸੀ ਦਾ ਹੁਕਮ ਦਵਾ ਦਿੱਤਾ, ਪਰੰਤੂ ਵਜ਼ੀਰ ਦੀ ਸਲਾਹ ਲੈ ਕੇ ਅਸਰਾਜ ਨੂੰ ਫਾਂਸੀ ਨਾ ਦਿੱਤੀ ਗਈ ਤੇ ਉਸਦਾ ਇਕ ਹੱਥ ਕਟਵਾ ਦਿੱਤਾ ਗਿਆ ਤੇ ਜਲਾਦ ਉਸਨੂੰ ਜੰਗਲ ਵਿੱਚ ਛੱਡ ਆਏ।

ਇਕ ਦਿਨ ਅਸਰਾਜ ਜੰਗਲ ਵਿਚ ਖੂਹ ਤੇ ਬੈਠਾ ਸੀ ਤੇ ਵਣਜਾਰਿਆਂ ਦਾ ਇਕ ਟੋਲਾ ਆਇਆ ਜੋ ਉਸ ਨੂੰ ਨਾਲ ਲੈ ਗਏ । ਉਹਨਾਂ ਵਣਜਾਰਿਆਂ ਨੇ ਟੁੰਡੇ ਅਸਰਾਜ ਨੂੰ ਬੇ-ਔਲਾਦ ਧੋਬੀ ਪਾਸ ਵੇਚ ਦਿੱਤਾ। ਕੁਝ ਸਮਾਂ ਅਸਰਾਜ ਆਪਣੇ ਪਿਤਾ ਧੋਬੀ ਪਾਸ ਸੇਵਾ ਕਰਦਾ ਰਿਹਾ, ਪ੍ਰਮੇਸ਼ਰ ਦੇ ਰੰਗ ਕੋਈ ਦਿਨ ਪਾਕੇ ਉਸ ਨਗਰ ਦਾ ਰਾਜਾ ਮਰ ਗਿਆ ਪਰੰਤੂ ਉਸ ਰਾਜੇ ਦਾ ਕੋਈ ਪੁਤ੍ਰ ਨਹੀਂ ਸੀ; ਮੰਤਰੀਆਂ ਨੇ ਫੈਸਲਾ ਕੀਤਾ ਕਿ ਜੋ ਸਵੇਰੇ ਸ਼ਹਿਰ ਦੇ ਦਰਵਾਜ਼ੇਦੇ ਜੰਦਰੇ ਨੂੰ ਹਥਿਆਰ ਤੋਂਬਿਨਾਂ ਅਪਣੇ ਹੱਥਾਂ ਦੇ ਬਲ ਨਾਲ ਖੋਹਲ ਲਵੇਗਾ ਉਸਨੂੰ ਰਾਜ ਗੱਦੀ ਤੇ ਬੈਠਾ ਦਿੱਤਾਜਾਵੇਗਾ। ਦੈਵਨੇਤ ਨਾਲ ਦੂਸਰੇ ਦਿਨ ਧੋਬੀ ਦੇ ਬਲਦ ਖੁਲ੍ਹ ਜਾਣ ਨਾਲ ਅਸਰਾਜ ਬਲਦ ਦੀ ਭਾਲ ਵਿਚ ਨਿਕਲਿਆ ਤੇ ਸਭ ਤੋਂ ਪਹਿਲੇ ਦਰਵਾਜਾ ਆ ਖੜਕਾਇਆ। ਜੰਦਰੇ ਨੂੰ ਟੁੰਡ ਲਾਂਦਿਆਂ ਹੀ ਜੰਦਰਾ ਖੁਲ ਗਿਆ "ਓਹਨਾਂ

ਨਾਲ ਸ਼ਰੀਕਤ ਕਾਹਦੀ ਰੱਬ ਜਿਨਾਂ ਦੀਆਂ ਮੰਨੇ" ਇਸ ਤਰ੍ਹਾਂ ਨਾਲ ਅਸਰਾਜ ਟੁੰਡਾ ਉਸ ਨਗਰ ਦਾ ਰਾਜਾ ਬਣ ਗਿਆ। ਪਿਛੋਂ ਭੀ ਰਾਜੇ ਦਾ ਪੁਤ੍ਰ ਸੀ ਜਿਸ ਕਰਕੇ ਅਸਰਾਜ ਨੇ ਰਾਜ ਨੂੰ ਹਛੀ ਤਰ੍ਹਾਂ ਸੰਭਾਲਿਆ। ਕੁਝ ਚਿਰ ਪਿਛੋਂ ਅਸਰਾਜ ਦੇ ਪਿਤਾ ਸਾਰੰਗ ਰਾਜਾ ਦੇ ਦੇਸ ਵਿਚ ਬਰਖਾ ਨਾ ਹੋਣ ਕਰਕੇ ਭਾਰੀ ਕਾਲ ਪੈ ਗਿਆ। ਜਿਸ ਲਈ ਓਹੀ ਸਾਰੰਗ ਦਾ ਵਜ਼ੀਰ ਅਸਰਾਜ ਟੁੰਡੇ ਦੇ ਸ਼ਹਿਰ ਵਿਚ ਅੰਨ ਦੀ ਖਰੀਦ ਵਾਸਤੇ ਆ ਨਿਕਲਿਆ ਜਿਸ ਵਜ਼ੀਰ ਨੇ ਇਸ ਪਰ ਮੇਹਰ ਕਰਕੇ ਇਸ ਨੂੰ ਫਾਂਸੀ ਤੋਂ ਬਚਾਇਆ ਸੀ, ਫਾਂਸੀ ਦੇ ਬਦਲੇ ਹੱਥ ਵਢਾ ਕੇ ਬਾਹਰ ਕਢਵਾ ਦਿੱਤਾ ਸੀ। ਜਦ ਅਸਰਾਜ ਤੇ ਵਜ਼ੀਰ ਆਪਸ ਵਿਚ ਮਿਲੇ ਤਾਂ ਬਹੁਤ ਪ੍ਰਸੰਨ ਹੋਏ,ਅਸਰਾਜ ਨੇ ਬਹੁਤ ਸਾਰਾ ਅੰਨ ਬਿਨਾਂ ਮੂਲ ਤੋਂ ਵਜ਼ੀਰ ਨੂੰ ਦੇ ਦਿੱਤਾ। ਵਜ਼ੀਰ ਨੇ ਵਾਪਸ ਆਕੇ ਸਾਰਾ ਹਾਲ ਸਾਰੰਗ ਨੂੰ ਦਸਿਆ ਤੇ ਰਾਜੇ ਨੂੰ ਪ੍ਰੇਰਿਆ ਕਿ ਆਪਣੇ ਰਾਜ ਦਾ ਮਾਲਕ ਭੀ ਇਸੇ ਹੀ ਧਰਮੀ ਤੇ ਬੀਰ ਅਸਰਾਜ ਸਪੁਤ੍ਰ ਨੂੰ ਥਾਪ ਦੇਵੋ। ਰਾਜੇ ਨੂੰ ਆਪਣੀ ਉਸ...........ਰਾਣੀ ਦੇ ਕਰਤਬ ਦਾ ਪਤਾ ਲਗ ਚੁੱਕਾ ਸੀ ਇਸ ਲਈ ਸਾਰੰਗ ਨੇ ਵਜ਼ੀਰ ਦੀ ਨੇਕ ਸਲਾਹ ਨੂੰ ਸ੍ਵੀਕਾਰ ਕੀਤਾ ਤੇ ਉਸ ਵਜ਼ੀਰ ਦੀ ਮਾਰਫਤ ਆਪਣੇ ਇਸ ਧਰਮੀ ਪੁਤਰ ਨੂੰ ਆਪਣੇ ਪਾਸ ਬੁਲਾ ਕੇ ਰਾਜ ਗੱਦੀ ਦਾ ਮਾਲਕ ਬਣਾ ਦਿਤਾ। ਅਸਰਾਜ ਦਾ ਇਕ ਮਤ੍ਰੇਆ ਭਰਾ ਸਰਦੂਲ ਸੀ। ਹਥੋਂ ਰਾਜ ਜਾਂਦਾ ਵੇਖ ਕੇ ਉਸ ਨੇ ਟੁੰਡੇ ਅਸਰਾਜ ਨਾਲ ਲੜਾਈ ਕਰਨੀ ਸ਼ੁਰੂ ਕਰ ਦਿਤੀ, ਬੜਾ ਭਿਆਨਕ ਯੁਧ ਹੋਇਆ। ਫੇਰ ਅਸਰਾਜ ਨੇ ਯੁਧ ਫਤੇ ਕਰਕੇ

ਮੜ੍ਹਏ ਭਰਾ ਨੂੰ ਜਿੱਤ ਕੇ ਪਿਤਾ ਦੇ ਰਾਜ ਨੂੰ ਭੀ ਸਾਂਭ ਲਿਆ। ਇਸ ਪ੍ਰਕਾਰ ਟੁੰਡਾ ਅਸਰਾਜ ਆਪਣੇ ਸਤ ਧਰਮ ਦਾ ਸਦਕਾ ਦੋਹਾਂ ਦੇਸਾਂ ਦਾ ਰਾਜਾ ਬਣ ਗਿਆ।ਇਸ ਟੁੰਡੇ ਅਸਰਾਜ ਦੀ ਵਾਰ ਅਬਦੁਲ ਢਾਡੀ ਨੇ ਬਣਾ ਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਦੀਵਾਨ ਵਿਚ ਆਕੇ ਗਾਇਨ ਕੀਤੀ। ਜਿਸ ਵੇਲੇ ਛੇਵੇਂ ਪਾਤਿਸ਼ਾਹ ਜੀ ਨੇ ਏਹ ਵਾਰ ਸੁਣੀ ਤਾਂ ਰਾਗੀਆਂ ਪ੍ਰਤੀ ਆਗਿਆ ਕੀਤੀ ਕਿ ਆਸਾ ਦੀ ਵਾਰ ਭੀ ਇਸ ਧਾਰਨਾ ਪਰ ਗਾਇਨ ਕੀਤੀ ਜਾਇਆ ਕਰੇ। ਉਸ ਅਸਰਾਜੇ ਦੀ ਵਾਰ ਵਿਚੋਂ ਨਮੂਨਾ ਇਹ ਹੈ :–

ਪਉੜੀ–ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਬੱਜੇ।
ਖਾਨ ਸੁਲਤਾਨ ਬਡ ਸੂਰਮੇ ਵਿਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ।
ਟਿੱਕਾ ਸਾਰੰਗ ਬਾਪ ਨੇ ਦਿੱਤਾ ਭਰ ਲੱਜੇ।
ਫਤੇ ਪਾਇ ਅਸਰਾਜ ਜੀ ਸ਼ਾਹੀ ਘਰ ਸੱਜੇ।

ਸੂਚਨਾ–ਆਸਾ ਦੀ ਵਾਰ ਦੇ ਪਹਿਲੇ ਸਤ ਸਲੋਕ ਸ਼ਹਿਰ ਪਾਕਪਟਨ ਵਿਚ ਸ਼ੇਖ ਫਰੀਦ ਜੀ ਦੇ ਪੋਤਰੇ ਸ਼ੇਖ ਇਬਰਾਹੀਮ ਦੇ ਪਾਸ ਉਚਾਰੇ ਹੋਏ ਹਨ। ਸਲੋਕੁ ਮ: ੧ ॥

ਉਥਾਨਕਾ–ਸ੍ਰੀ ਗੁਰੂ ਨਾਨਕ ਦੇਵ ਜੀ ਸਤਿਗੁਰਾਂ ਦੀ ਮਹਿਮਾਂ ਵਰਨਣ ਕਰਦੇ ਹਨ:–

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ॥

(ਦਿਉਹਾੜੀ) ਦਿਨ ਵਿਚ (ਸਦਵਾਰ) ਸੈਂਕੜੇ ਵਾਰੀ ਆਪਣੇ ਗੁਰਾਂ ਤੋਂ ਬਲਿਹਾਰ ਜਾਂਦੇ ਹਾਂ।

ਜਿਨਿਮਾਣਸਤੇਦੇਵਤੇਕੀਏਕਰਤਨਲਾਗੀਵਾਰ।੧

ਜਿਨ੍ਹਾਂ ਸਤਿਗੁਰਾਂ ਨੇ ਮਨੁਸ਼ਾਂ ਤੋਂ ਦੇਵਤੇ ਕਰ ਦਿਤੇ ਹਨ ਤੇ ਦੇਵਤੇ ਕਰਦਿਆਂ ਹੋਇਆਂ (ਵਾਰ) ਦੇਰ ਨਹੀਂ ਲਾਈ।

ਪ੍ਰਸ਼ਨ—ਸਤਿਗੁਰਾਂ ਦੀ ਕੀ ਅਪੇਖਿਆ ਹੈ ?

ਉਤ੍ਰ:— ਮਹਲਾ ੨ ॥

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥

ਜੇਕਰ ੧੦੦ ਚੰਦਰਮਾ ਉਦੈ ਹੋ ਜਾਵੇ ਤੇ ੧੦੦੦ ਸੂਰਜ ਭੀ ਚੜ੍ਹ ਆਵੇ।

ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥੨।

ਏਨੇ ਚਾਨਣ ਦੇ ਹੁੰਦਿਆਂ ਹੋਯਾਂ ਭੀ ਗੁਰਾਂ ਤੋਂ ਬਿਨਾਂ ਨਿਗੁਰੇ ਦੇ ਹਿਰਦੇ ਵਿਚ ਘੋਰ ਅੰਧੇਰਾ ਰਹਿੰਦਾ ਹੈ। ਭਾਵ ਸੂਰਜ ਚੰਦ-ਰਮਾ ਬ੍ਰਹਮੰਡ ਦੇ ਅੰਧੇਰੇ ਨੂੰ ਤਾਂ ਦੂਰ ਕਰ ਦੇਂਦੇ ਹਨ ਪਰ ਨਿਗੁਰੇ ਦੇ ਹਿਰਦੇ ਵਿਚੋਂ ਅਗਿਆਨ ਰੂਪੀ ਅੰਧੇਰੇ ਨੂੰ ਦੂਰ ਨਹੀਂ ਕਰ ਸਕਦੇ ? ਪ੍ਰਮਾਨ:—ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥ ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥ ਮ: ੧ ॥

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥

ਸ੍ਰੀ ਗੁਰੂ ਜੀ ਆਖਦੇ ਹਨ ਜੋ ਆਪਣੇ ਮਨ ਵਿੱਚ ਸੁਚੇਤ ਹੋ ਕੇ ਗੁਰੂ ਦੁਆਰਾ ਚਿੰਤਨ ਨਹੀਂ ਕਰਦੇ। ਸੋ ਐਸੇ ਹਨ।

ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥

ਜਿਵੇਂ ਤਿਲਾਂ ਦੇ ਖੇਤ ਅੰਦਰ ਬੂਆੜ ਦਾ ਬੂਟਾ ਸੁਆਹ ਵਾਲਾ ਸੁੰਞਾ (ਛੁਟੇ) ਰਹਿ ਜਾਂਦਾ ਹੈ।

ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥

ਸ੍ਰੀ ਗੁਰੂ ਜੀ ਕਹਿੰਦੇ ਹਨ ਖੇਤ ਦੇ ਅੰਦਰ ਛਡਿਆਂ ਹੋਇਆਂ ਉਸਦਾ ਕੋਈ (ਸਉ) ਰਖ..ਕ ਨਹੀਂ ਹੁੰਦਾ।

ਪ੍ਰਸ਼ਨ:–ਬੂਆੜ ਨੂੰ ਕਿਉਂ ਛਡ ਔਂਦੇ ਹਨ ਕੀ ਉਹ ਫਲਦਾ ਫੁਲਦਾ ਨਹੀਂ ? ਉਤ੍ਰ:–

ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥

ਭਾਵੇਂ ਉਹ ਵਿਚਾਰੇ ਬੂਆੜ ਫਲਦੇ ਭੀ ਹਨ ਤੇ ਫੁਲਦੇ ਭੀ ਹਨ ਪਰ ਤਦ ਭੀ ਉਨ੍ਹਾਂ ਦੇ ਤਨ ਵਿਚ ਸੁਆਹ ਹੀ ਭਰੀ ਹੋਈ ਹੁੰਦੀ ਹੈ। ਉਸੇ ਤਰ੍ਹਾਂ ਮਨਮੁਖ ਕੁਟੰਬ ਕਰਕੇ ਫਲਦੇ ਫੁਲਦੇ ਭੀ ਹਨ ਪਰ ਉਹਨਾਂ ਦੇ ਹਿਰਦੇ ਵਿਚ ਵਿਸ਼ੇ ਵਿਕਾਰ ਹੀ ਭਰੇ ਰਹਿੰਦੇ ਹਨ।

ਪਉੜੀ॥

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥

ਹੇ ਪ੍ਰਮੇਸ਼ਰ ਤੈਨੇ ਆਪ ਹੀ ਆਪ ਨੂੰ ਸਾਜਿਆ ਹੈ ਤੇ ਆਪ ਹੀ ਤੈਨੇ ਆਪਣਾ ਨਾਮ ਰਚਿਆ ਹੈ।

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

ਦੂਜੀ ਜੋ (ਕੁਦਰਤਿ) ਮਾਇਆ ਹੈ ਉਸ ਦੁਆਰੇ ਸੰਸਾਰ ਨੂੰ ਸਾਜ ਕੇ ਆਪੇ ਹੀ ਉਸ ਦੁਨੀਆਂ ਵਿੱਚ ਆਸਨ ਕਰਕੇ (ਚਾਉ) ਤਮਾਸ਼ੇ ਦੇਖਦਾ ਹੈਂ।

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥

ਹੇ ਕਰਤਾ ਤੂੰ ਆਪੇ ਹੀ ਦਾਤਾ ਹੈਂ, ਪਰ ਜਿਸ ਉਤੇ (ਤੁਸਿ) ਖੁਸ਼ ਹੁੰਦਾ ਹੈਂ ਉਸਨੂੰ ਗਿਆਨ ਭਗਤੀ ਰੂਪੀ (ਪਸਾਉ) ਦਾਤਾਂ ਦੇਂਦਾ ਹੈਂ।

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥

ਤੂੰ ਸਭ ਕਿਸੇ ਦੇ ਹਿਰਦੇ ਦੀ ਜਾਣਦਾ ਹੈਂ ਅਤੇ ਜਿੰਦ ਨੂੰ ਸਰੀਰ ਰੂਪੀ (ਕਵਾਉ) ਪੁਸ਼ਾਕ ਦੇਂਦਾ ਤੇ ਲੈਂਦਾ ਹੈਂ।

ਕਰਿ ਆਸਣੁ ਡਿਠੋ ਚਾਉ॥ ੧॥

ਅਤੇ ਸਭ ਜੀਵਾਂ ਦੇ ਹਿਰਦੇ ਵਿਚ ਆਸਣ ਕਰਕੇ ਉਤਸ਼ਾਹ ਪੂਰਬਕ ਦੇਖ ਰਿਹਾ ਹੈਂ॥ ੧॥

ਸੂਚਨਾ—ਚੇਤੇ ਰਖਨਾ ਕਿ ਜੋ ਅੱਖਰ (ਬ੍ਰੈਕਟ) ਵਿੱਚ ਹਨ ਜੇਕਰ ਉਸ ਨੂੰ ਨਾ ਪੜ੍ਹਿਆ ਜਾਵੇ ਤਦ ਸੁਖੈਨ ਹੀ ਅਰਥਾਂ ਦੀ ਸਮਝ ਆ ਜਾਂਦੀ ਹੈ।

ਸਲੋਕੁ ਮਃ ੧॥

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥

ਹੇ ਪ੍ਰਭੂ ਸਚੇ ਤੇਰੇ ਨੌਂ ਖੰਡ ਤੇ ਬ੍ਰਹਮੰਡ ਭੀ ਸਚੇ ਹਨ।

ਸਚੇ ਤੇਰੇ ਲੋਅ ਸਚੇ ਆਕਾਰ॥

ਤੇਰੇ ੧੪ ਲੋਕ ਭੀ ਸਚੇ ਹਨ ਤੇ (ਆਕਾਰ) ਜੀਵ ਭੀ ਸਚੇ ਹਨ।

ਸਚੇ ਤੇਰੇ ਕਰਣੇ ਸਰਬ ਬੀਚਾਰ॥

ਤੇਰੇ ਸਭ ਤਰਾਂ ਦੇ ਵਿਚਾਰ ਕਰਨੇ ਭੀ ਸਚੇ ਹਨ।

ਸਚਾ ਤੇਰਾ ਅਮਰੁ ਸਚਾ ਦੀਬਾਣੁ ॥

ਤੇਰਾ (ਅਮਰੁ) ਰਾਜ ਭੀ ਸੱਚਾ ਹੈ ਤੇ (ਦੀਬਾਣੁ)ਸਭਾਭੀ ਸਚੀ ਹੈ।

ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥

ਤੇਰਾ ਹੁਕਮ ਭੀ ਸੱਚਾ ਹੈ ਤੇ (ਫੁਰਮਾਣੁ)ਮੰਨਣੇ ਵਾਲੇ ਭੀਸਚੇਹਨ

ਸਚਾ ਤੇਰਾ ਕਰਮੁ ਸਚਾ ਨੀਸਾਣੁ ॥

ਹੇ ਪ੍ਰਭੂ ਤੇਰੀ (ਕਰਮੁ) ਕਿਰਪਾ ਭੀ ਸਚੀ ਹੈ ਅਤੇ ਉਸ ਦੀ ਕਿਰਪਾ ਦਾ (ਨੀਸਾਣੁ) ਫਲ ਭੀ ਸੱਚਾ ਹੈ।

ਸਚੇ ਤੁਧੁ ਆਖਹਿ ਲਖ ਕਰੋੜਿ ॥

ਹੇ ਪ੍ਰਭੂ ਸਚੇ ਤੇਰੇ ਨਾਮ ਨੂੰ ਲੱਖਾਂ ਤੇ ਕਰੋੜਾਂ ਆਖਦੇ ਹਨ।

ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥

ਤੇਰੇ ਸਭ ਤਾਣ ਭੀ ਸਚੇ ਹਨ ਅਤੇ ਸਾਰੇ ਜੋਰ ਭੀ ਸਚੇ ਹਨ।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥

ਹੇ ਪ੍ਰਭੂ ਤੇਰੀ ਸਿਫਤ ਭੀ ਸਚੀ ਹੈ ਤੇ ਤੇਰੀ ਸ਼ਲਾਘਾ ਭੀ ਸਚੀ ਹੈ, ਸਿਫਤ ਮੁਸਲਮਾਨ ਕਰਦੇ ਹਨ ਤੇ ਸ਼ਲਾਘਾ ਹਿੰਦੂ ਕਰਦੇ ਹਨ।

ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਹੇ ਸਚੇ ਪਾਤਸ਼ਾਹ ਤੇਰੀ (ਕੁਦਰਤਿ) ਮਾਯਾ ਭੀ ਸਚੀ ਹੈ। ਪ੍ਰਮਾਨ—ਆਪਿ ਸਾਚੁਧਾਰੀ ਸਭ ਸਾਚੁ। ਓਤਿ ਪੋਤਿ ਆਪਨ ਸੰਗਿ ਰਾਚੁ—ਜਥਾ—ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।

ਨਾਨਕ ਸਚੁ ਧਿਆਇਨਿ ਸਚੁ ॥

ਸ੍ਰੀ ਗੁਰੂ ਜੀ ਕਹਿੰਦੇ ਹਨ ਜੋ ਸਚੇ ਨੂੰ ਧਿਆਉਂਦੇ ਹਨ ਸਚੇ ਦਾ ਰੂਪ ਹੀ ਹੋ ਜਾਂਦੇ ਹਨ।

ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥

ਜੋ ਮਨਮੁਖ ਕਚਿਆਂ ਤੋਂ ਕਚੇ ਹਨ ਸੋ ਮਰਦੇ ਜੰਮਦੇ ਹਨ।

ਪ੍ਰਸ਼ਨ—ਪ੍ਰਮਾਤਮਾ ਦੀ ਵਡਿਆਈ ਵਡੀ ਕਿਸ ਕਰਕੇ ਹੈ ?

ਉਤ੍ਰ: – ਮਃ ੧ ॥ **ਵਡੀ ਵਡਿਆਈ ਜਾ ਵਡਾ ਨਾਉ ॥**

ਪ੍ਰਮੇਸ਼ਰ ਦੀ ਵਡਿਆਈ ਇਸ ਕਰਕੇ ਵਡੀ ਹੈ ਕਿਉਂ ਜੋ ਉਸ ਦਾ ਨਾਉਂ ਸਾਰਿਆਂ ਤੋਂ ਵਡਾ ਹੈ।

ਵਡੀ ਵਡਿਆਈ ਜਾ ਸਚੁ ਨਿਆਉ ॥

ਪ੍ਰਭੂ ਦੀ ਵਡੀ ਵਡਿਆਈ ਇਸ ਕਰਕੇ ਹੈ ਕਿਉਂ ਜੋ ਉਹ ਸਚਾ ਇਨਸਾਫ ਕਰਦਾ ਹੈ।

ਵਡੀ ਵਡਿਆਈ ਜਾ ਨਿਹਚਲ ਥਾਉ ॥

ਪ੍ਰਭੂ ਦੀ ਵਡੀ ਵਡਿਆਈ ਇਸ ਕਰਕੇ ਹੈ ਜੋ ਉਸ ਦਾ (ਥਾਉ) ਬੈਕੁੰਠ ਨਿਸਚਲ ਹੈ।

ਵਡੀ ਵਡਿਆਈ ਜਾਣੈ ਆਲਾਉ ॥

ਪ੍ਰਭੂ ਦੀ ਵਡੀ ਵਡਿਆਈ ਇਸ ਕਰਕੇ ਹੈ ਜੋ ਸਭ ਦੇ (ਆਲਾਉ) ਬੋਲ ਨੂੰ ਜਾਣਦਾ ਹੈ।

ਵਡੀ ਵਡਿਆਈ ਬੁਝੈ ਸਭਿ ਭਾਉ ॥

ਪ੍ਰਭੂ ਦੀ ਵਡੀ ਵਡਿਆਈ ਇਸ ਕਰਕੇ ਹੈ ਜੋ ਸਭ ਦੇ (ਭਾਉ) ਪ੍ਰੇਮ ਨੂੰ ਜਾਣਦਾ ਹੈ।

ਵਡੀ ਵਡਿਆਈ ਜਾ ਪੁਛਿ ਨ ਦਾਤਿ ॥

ਪ੍ਰਭੂ ਦੀ ਵਡੀ ਵਡਿਆਈ ਇਸ ਕਰਕੇ ਹੈ ਜੋ ਓਹ ਕਿਸੇ ਨੂੰ ਪੁਛ ਕੇ ਦਾਤ ਨਹੀਂ ਕਰਦਾ।

ਵਡੀ ਵਡਿਆਈ ਜਾ ਆਪੇ ਆਪਿ ॥

ਪ੍ਰਭੂ ਦੀ ਵਡੀ ਵਡਿਆਈ ਇਸ ਕਰਕੇ ਹੈ ਕਿਉਂ ਜੋ ਉਹ ਆਪਣੇ ਆਪ ਹੀ ਸਭ ਕੁਝ ਕਰਦਾ ਹੈ ਭਾਵ—ਸੁਤੰਤਰ ਹੈ।

ਨਾਨਕ ਕਾਰ ਨ ਕਥਨੀ ਜਾਇ ॥

ਕੀਤਾ ਕਰਣਾ ਸਰਬ ਰਜਾਇ ॥ ੨ ॥

ਸ੍ਰੀ ਗੁਰੂ ਜੀ ਆਖਦੇ ਹਨ ਹੇ (ਸਰਬ ਰਜਾਇ) ਪ੍ਰਮੇਸ਼੍ਵਰ ਜੋ (ਕਰਣਾ)ਜਗਤ ਤੂੰ ਕੀਤਾ ਹੈ,ਉਸਦੀ ਕਾਰ ਕਥੀ ਨਹੀਂ ਜਾਂਦੀ।

ਮਹਲਾ ੨ ॥

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

ਏਹ ਜਗਤ ਸਚੇ ਦੇ ਰਹਿਣ ਵਾਲੀ ਕੋਠੜੀ ਹੈ ਇਸੇ ਵਿਚ ਹੀ ਸਚੇ ਦਾ ਵਾਸਾ ਹੈ। ਪ੍ਰਮਾਣ—ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।

ਇਕਨਾ ਹੁਕਮਿ ਸਮਾਇ ਲਏ
ਇਕਨਾ ਹੁਕਮੇ ਕਰੇ ਵਿਣਾਸੁ ॥

ਇਕਨਾਂ ਗੁਰਮੁਖਾਂ ਨੂੰ ਆਪਣੇ ਹੁਕਮ ਨਾਲ (ਸਮਾਇ ਲਏ) ਅਭੇਦ ਕਰ ਲੈਂਦਾ ਹੈ ਇਕਨਾਂ ਮਨਮੁਖਾਂ ਨੂੰ ਆਪਣੇ ਹੁਕਮ ਨਾਲ (ਵਿਣਾਸੁ) ਨਾਸ ਕਰ ਦੇਂਦਾ ਹੈ।

ਇਕਨ੍ਹਾ ਭਾਣੈ ਕਢਿ ਲਏ
ਇਕਨ੍ਹਾ ਮਾਇਆ ਵਿਚਿ ਨਿਵਾਸੁ ॥

ਇਕਨਾਂ ਨੂੰ ਆਪਣੇ ਭਾਣੇ ਅੰਦਰ ਮਾਇਆ ਮੋਹ ਵਿਚੋਂ ਕਢ ਲੈਂਦਾ ਹੈ ਇਕਨਾਂ ਦਾ (ਮਾਇਆ) ਸੰਸਾਰ ਵਿਚ ਨਿਵਾਸ ਰਖਦਾ ਹੈ ਭਾਵ--ਜਨਮ ਮਰਨ ਦੇਂਦਾ ਹੈ।

ਏਵ ਭਿ ਆਖਿ ਨ ਜਾਪਈ
ਜਿ ਕਿਸੈ ਆਣੇ ਰਾਸਿ ॥

ਏਹ ਭੀ ਨਹੀਂ ਆਖਿਆ ਜਾਂਦਾ ਕਿ ਪ੍ਰਮੇਸ਼ਰ ਕਿਸ ਨੂੰ (ਰਾਸਿ) ਸਿਧੇ ਰਸਤੇ ਲਿਔਂਦਾ ਹੈ।

ਨਾਨਕ ਗੁਰਮੁਖਿ ਜਾਣੀਐ
ਜਾ ਕਉ ਆਪਿ ਕਰੇ ਪਰਗਾਸੁ ॥ ੨ ॥

ਸ੍ਰੀਗੁਰੂ ਜੀ ਆਖਦੇ ਹਨ ਜਿਸ ਨੂੰ ਪ੍ਰਮੇਸ਼੍ਰ ਆਪਗਿਆਨ ਦਾ ਪ੍ਰਕਾਸ਼ ਕਰੇ ਉਹ ਗੁਰਮੁਖ ਕਰਕੇ ਜਾਣਿਆਂ ਜਾਂਦਾ ਹੈ।

ਪਉੜੀ ॥ ਨਾਨਕ ਜੀਅ ਉਪਾਇਕੈ
ਲਿਖਿ ਨਾਵੈ ਧਰਮੁ ਬਹਾਲਿਆ ॥

ਸ੍ਰੀ ਗੁਰੂ ਜੀ ਆਖਦੇ ਹਨ ਪ੍ਰਮੇਸ਼ਵਰ ਨੇ ਜੀਵਾਂ ਨੂੰ ਉਤ-ਪਤ ਕਰਕੇ ਉਹਨਾਂ ਦੇ ਭਲੇ ਬੁਰੇ ਕਰਮਾਂ ਦੇ ਨਾਵੇਂ ਲਿਖਣ ਵਾਸਤੇ ਧਰਮਰਾਜ ਨੂੰ ਮੁਨਸਫ ਕਰਕੇ ਬਹਾਲਿਆ ਹੈ।

ਓਥੈ ਸਚੇ ਹੀ ਸਚਿ ਨਿਬੜੈ
ਚੁਣਿ ਵਖਿ ਕਢੇ ਜਜਮਾਲਿਆ ॥

ਓਥੇ ਸਚੋ ਹੀ ਸਚ ਨਿਬੜਦਾ ਹੈ (ਜਜਮਾਲਿਆ) ਪਾਪੀ ਪੁਰਸ਼ ਚੁਣ ਕੇ ਵਖ ਕਢੇ ਜਾਂਦੇ ਹਨ।

ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥

ਓਹ ਕੂੜੇ ਪੁਰਸ਼ ਪਰਲੋਕ ਵਿੱਚ ਥਾਉਂ ਨਹੀਂ ਪਾਉਂਦੇ ਉਨਾਂ ਦੇ ਮੂੰਹ ਕਾਲੇ ਕਰਕੇ ਨਰਕਾਂ ਵਿੱਚ (ਚਾਲਿਆ) ਸੁਟਿਆ ਜਾਵੇਗਾ।

ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥

ਤੇਰੇ ਨਾਮ ਵਿੱਚ ਜੋ ਰੱਤੇ ਹਨ ਸੋ ਮਨੁਖਾ ਜਨਮ ਨੂੰ (ਜਿਣਿ) ਜਿੱਤ ਗਏ ਹਨ ਤੇ ਠਗੀਆਂ ਕਰਨ ਵਾਲੇ ਜਨਮ ਨੂੰ ਹਾਰ ਕੇ ਗਏ ਹਨ।

ਲਿਖਿ ਨਾਵੈ ਧਰਮੁ ਬਹਾਲਿਆ॥੨॥

ਜੀਵਾਂ ਦੇ ਭਲੇ ਬੁਰੇ ਕਰਮਾਂ ਦੇ ਨਾਵੇਂ ਲਿਖਣ ਵਾਸਤੇ ਧਰਮਰਾਜ ਨੂੰ ਮੁਨਸਫ ਕਰਕੇ ਬਹਾਲਿਆ ਹੈ॥ ੨ ॥

ਸਲੋਕ ਮਃ ੧ ॥

*ਵਿਸਮਾਦੁ ਨਾਦੁ ਵਿਸਮਾਦੁ ਵੇਦ॥

ਵੇਦ ਭੀ ਬ੍ਰਹਮ ਰੂਪ ਹੈ ਤੇ ਵੇਦਾਂ ਦਾ (ਨਾਦ) ਸ਼ਬਦ ਭੀ (ਵਿਸਮਾਦੁ) ਬ੍ਰਹਮ ਹੈ।

---

*ਸੂਚਨਾ—ਵਿਸਮਾਦੁ ਨਾਮ ਅਸਚਰਜ ਦਾ ਹੈ ਅਤੇ ਵਿਸਮਾਦੁ ਨਾਮ ਬ੍ਰਹਮ ਦਾ ਭੀ ਹੈ।

ਵਿਸਮਾਦੁ ਜੀਅ ਵਿਸਮਾਦੁ ਭੇਦ ॥

ਸਭ ਜੀਵ ਅਸਚਰਜ ਰੂਪ ਹਨ ਤੇ ਪੰਜ ਪ੍ਰਕਾਰ ਦਾ ਭੇਦ (ਵਿਸਮਾਦੁ) ਅਸਚਰਜ-ਰੂਪ ਹੈ।

ਵਿਸਮਾਦੁ ਰੂਪ ਵਿਸਮਾਦੁ ਰੰਗ ॥

ਸਭ ਰੂਪ ਭੀ ਅਸਚਰਜ ਹਨ ਸਭ ਰੰਗ ਭੀ ਅਸਚਰਜ ਹਨ।

ਵਿਸਮਾਦੁ ਨਾਗੇ ਫਿਰਹਿ ਜੰਤ ॥

ਜੋ ਜੰਤੂ ਪਸ਼ੂ ਪੰਛੀ ਨਗਨ ਫਿਰਦੇ ਹਨ, ਸੋ ਭੀ ਅਸਚਰਜ ਹਨ।

ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥

੪੯ ਪੌਣ ਤੇ ਸਭ ਤਰਾਂ ਦਾ ਪਾਣੀ ਭੀ ਅਸਚਰਜ ਹੈ।

ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥

ਅਗਨੀ ਜੋ ਅਸਚਰਜ ਖੇਡਾਂ ਨੂੰ ਖੇਡ ਰਹੀ ਹੈ, ਭਾਵ ਪਲ ਵਿਚ ਭਸਮ ਕਰ ਦੇਣਾ, ਸੋ ਭੀ ਅਸਚਰਜ ਹੈ।

ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥

ਸਾਰੀ ਧਰਤੀ ਤੇ ਚਾਰ ਖਾਣੀਆਂ ਅੰਡਜ, ਜੇਰਜ, ਸੇਤਜ ਤੇ ਉਤਭੁਜ ਸੋ ਭੀ ਬ੍ਰਹਮ ਰੂਪ ਹਨ।

ਪ੍ਰਮਾਨ-"ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ"

ਵਿਸਮਾਦੁ ਸਾਦਿ ਲਗਹਿ ਪਰਾਣੀ ॥

ਜੋ ਪ੍ਰਾਣੀਆਂ ਨੂੰ ਸੁਆਦ ਲਗ ਰਹੇ ਹਨ, ਸੋ ਭੀ ਅਸਚਰਜ ਹਨ।

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥

ਮਿਲਨਾ ਭੀ ਅਸਚਰਜ ਹੈ ਵਿਛੜਨਾ ਭੀ ਅਸਚਰਜਹੈ।

ਵਿਸਮਾਦੁ ਭੁਖ ਵਿਸਮਾਦੁ ਭੋਗੁ ॥

ਜੋ ਭੁਖ ਲੱਗਣੀ ਤੇ (ਭੋਗੁ) ਪਦਾਰਥ ਸੋ ਭੀ ਅਸਚਰਜ ਹਨ।

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥

(ਸਿਫਤਿ) ਗੁਣ ਭੀ ਅਸਚਰਜ ਹੈ ਅਤੇ ਗੁਣਾਂ ਦੀ ਸ਼ਲਾਘਾ ਭੀ ਅਸਚਰਜ ਹੈ।

ਵਿਸਮਾਦੁ ਉਝੜ ਵਿਸਮਾਦੁ ਰਾਹ ॥

ਕੁਰਾਹ ਭੀ ਅਸਚਰਜ ਹੈ ਰਾਹ ਭੀ ਅਸਚਰਜ ਹੈ।

ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥

ਨੇੜੇ ਔਰ ਦੂਰ ਸਭ ਅਸਚਰਜ ਹੀ ਅਸਚਰਜ ਹੈ।

ਵਿਸਮਾਦੁ ਦੇਖੈ ਹਾਜਰਾ ਹਜੂਰਿ ॥

(ਹਾਜਰਾ) ਸਾਹਮਣੇ ਤੇ (ਹਜੂਰਿ) ਕੋਲ ਵੇਖਣਾ ਭੀ ਅਸਚਰਜ ਹੈ।

ਵੇਖਿ ਵਿਡਾਣੁ ਰਹਿਆ ਵਿਸਮਾਦੁ ॥

ਨਾਨਕ ਬੁਝਣੁ ਪੂਰੈ ਭਾਗਿ ॥ ੧ ॥

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਮੈਂ ਪ੍ਰਮੇਸ਼ਰ ਦੀ ਅਸਚਰਜ ਲੀਲਾ ਨੂੰ ਵੇਖਕੇ (ਵਿਡਾਣੁ) ਅਸਚਰਜ ਹੋ ਰਿਹਾ ਹਾਂ

ਤੇ ਕੋਈ ਪੂਰੇ ਭਾਗਾਂ ਵਾਲਾ ਹੀ ਸਾਰੇ ਸੰਸਾਰ ਨੂੰ ਬ੍ਰਹਮ ਰੂਪ ਕਰਕੇ (ਬੁਝਣੁ) ਜਾਣਦਾ ਹੈ।

ਮਃ ੧ ॥ ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥

ਜੋ ਦਿਸਨਾ, ਸੁਨਣਾ, ਖੌਫ ਹੋਣਾ, ਸਾਰੁ ਸੁਖ ਹੋਣਾ ਇਹ ਸਭ (ਕੁਦਰਤਿ) ਮਾਯਾ ਵਿਚ ਹਨ।

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥

ਪਤਾਲਾਂ ਤੇ ਅਕਾਸ਼ਾਂ ਵਿਚ ਜੋ ਸਭ (ਆਕਾਰੁ) ਜੀਵ ਹਨ ਸੋ ਸਭ ਮਾਯਾ ਵਿਚ ਹਨ।

ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥

੪ ਵੇਦ ੧੮ ਪੁਰਾਣ ੪ ਕਤੇਬਾਂ ਇਹ ਸਭ ਮਾਇਆ ਵਿਚ ਹਨ, ਤੇ ਇਹਨਾਂ ਸਾਰਿਆਂ ਦਾ ਵਿਚਾਰ ਕਰਨਾ ਇਹ ਵੀ ਮਾਯਾ ਵਿਚ ਹੈ।

ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ ॥

ਅੰਨ ਖਾਣਾ, ਜਲ ਪੀਣਾ, ਬਸਤਰ ਪਹਿਨਣੇ ਸਭ ਨਾਲ ਪਿਆਰ ਕਰਨਾ ਇਹ ਵੀ ਮਾਯਾ ਵਿਚ ਹੈ।

ਕੁਦਰਤਿ ਜਾਤੀ ਜਿਨਸੀ ਰੰਗੀ

ਕੁਦਰਤਿ ਜੀਅ ਜਹਾਨ ॥

ਜਹਾਨ ਵਿੱਚ ਜੀਵਾਂ ਦੀਆਂ ਜਾਤਾਂ ਅਤੇ ਜਿਨਸਾਂ ਦੇ ਰੰਗ ਭੀ ਮਾਇਆ ਵਿਚ ਹਨ।

ਕੁਦਰਤਿ ਨੇਕੀਆ ਕੁਦਰਤਿ ਬਦੀਆ
ਕੁਦਰਤਿ ਮਾਨੁ ਅਭਿਮਾਨੁ ॥

ਨੇਕੀ ਕਰਨੀ, ਬਦੀ ਕਰਨੀ, ਮਾਨ ਅਤੇ (ਅਭਿਮਾਨੁ) ਅਪਮਾਨ ਹੋਣਾ ਏਹ ਭੀ ਮਾਯਾ ਵਿੱਚ ਹੈ।

ਕੁਦਰਤਿ ਪਉਣੁ ਪਾਣੀ ਬੈਸੰਤਰੁ
ਕੁਦਰਤਿ ਧਰਤੀ ਖਾਕੁ ॥

ਪੌਣ, ਪਾਣੀ, ਅਗਨੀ, ਖਾਕ ਰੂਪ ਜੋ ਧਰਤੀ ਹੈ ਸਭ ਮਾਯਾ ਵਿੱਚ ਹਨ।

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ
ਪਾਕੀ ਨਾਈ ਪਾਕੁ ॥

ਸਾਰੀ ਤੇਰੀ ਕੁਦਰਤਿ ਹੈ ਹੇ ਕਰਨ ਵਾਲੇ (ਕਾਦਿਰੁ) ਸਮਰਥ ਤੂੰ ਪਵਿਤ੍ਰ ਹੈਂ ਅਤੇ ਤੇਰੀ (ਨਾਈ) ਵਡਿਆਈ ਕਰਨੀ ਭੀ ਪਵਿਤ੍ਰ ਹੈ।

ਨਾਨਕੁ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥

ਸ੍ਰੀ ਗੁਰੂ ਜੀ ਕਹਿੰਦੇ ਹਨ ਪ੍ਰਮੇਸ਼ਰ ਅਪਨੇ ਹੁਕਮ ਦੇ ਅੰਦਰ ਸਭ ਨੂੰ ਵੇਖ ਰਿਹਾ ਹੈ ਤੇ (ਤਾਕੋ ਤਾਕੁ) ਇਕੋ ਇਕ ਹੀ ਵਰਤ ਰਿਹਾ ਹੈ।

ਪਉੜੀ ॥ ਆਪੀਨੈ ਭੋਗਿ ਭੋਗਿਕੈ
ਹੋਇ ਭਸਮੜਿ ਭਉਰੁ ਸਿਧਾਇਆ ॥

ਜਦ (ਭਉਰੁ) ਜੀਵ ਆਪਣੇ ਭੋਗਾਂ ਨੂੰ ਭੋਗ ਕੇ ਚਲਾ ਗਿਆ ਤਾਂ ਸਰੀਰ ਭਸਮ ਹੋ ਗਿਆ।

ਵਡਾ ਹੋਆ ਦੁਨੀਦਾਰੁ
ਗਲਿ ਸੰਗਲਿ ਘਤਿ ਚਲਾਇਆ ॥

ਜੇਹੜਾ ਜੀਵ ਸੰਸਾਰ ਵਿਚ ਵਡਾ ਦੁਨੀਦਾਰ ਬਣਿਆਂ ਹੋਇਆ ਸੀ ਜਮਦੂਤਾਂ ਨੇ ਉਸਦੇ ਗਲ ਵਿਚ ਸੰਗਲ਼ ਪਾ ਕੇ ਉਸ ਨੂੰ ਅਗੇ ਤੋਰ ਲਿਆ।

ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ ॥

ਅਗੇ ਜਾ ਕੇ ਕੀਤੇ ਕਰਮਾਂ ਦਾ (ਕੀਰਤਿ) ਹਿਸਾਬ ਵਾਚਿਆ ਗਿਆ ਅਤੇ ਪਾਪੀ ਜੀਵ ਨੂੰ ਪਾਸ ਬਹਾ ਕੇ ਲੇਖਾ ਕਰਕੇ ਸਮਝਾਇਆ ਗਿਆ।

ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥੩॥

ਉਸ ਵੇਲੇ ਚਪੇੜਾਂ ਪੈਂਦੀਆਂ ਨੂੰ ਥਾਂ ਨਹੀਂ ਹੁੰਦੀ, ਭਾਵ ਜਮਦੂਤ ਬਹੁਤ ਹੋਣ ਕਰਕੇ ਵਾਰੀ ਨਹੀਂ ਮਿਲਦੀ ਅਤੇ ਜਮਦੂਤ ਆਖਦੇ ਹਨ ਹੁਣ ਤੇਰਾ ਰੋਣਾ ਕਿਉਂ ਸੁਣੀਏ।

ਹੇ ਮਨ ਦੇ ਅੰਧੇ ਤੂੰ ਮਨੁਖਾ ਜਨਮ ਐਵੇਂ ਹੀ

ਗੁਵਾ ਛਡਿਆ ॥ ੩ ॥

ਸਲੋਕੁ ਮਃ ੧ ॥

ਭੈ ਵਿਚਿ ਪਵਣੁ ਵਹੈ ਸਦਵਾਉ ॥

(ਸਦਵਾਉ) ਸਦਾ ਵਗਣ ਵਾਲੀ ਹਵਾ ਪ੍ਰਮੇਸ਼ਰ ਦੇ ਡਰ ਵਿੱਚ ਚਲਦੀ ਹੈ।

ਭੈ ਵਿਚਿ ਚਲਹਿ ਲਖ ਦਰੀਆਉ ॥

ਲਖਾਂ ਹੀ ਜੋ ਦਰਿਆ ਚਲ ਰਹੇ ਹਨ ਸੋ ਭੀ ਡਰ ਵਿਚ ਹਨ।

ਭੈ ਵਿਚਿ ਅਗਨਿ ਕਢੈ ਵੇਗਾਰਿ ॥

ਅਗਨੀਆਂ ਜੋ ਵਿਗਾਰ ਕਢ ਰਹੀਆਂ ਹਨ ਸੋ ਭੀ ਡਰ ਵਿੱਚ ਹਨ ਬੜਵਾ ਅਗਨੀ, ਦਾਵਾ ਅਗਨੀ, ਜਠਰ ਅਗਨੀ ਪ੍ਰਤੱਖ ਅਗਨੀ।

ਭੈ ਵਿਚਿ ਧਰਤੀ ਦਬੀ ਭਾਰਿ ॥

ਧਰਤੀ ਜੋ ਭਾਰ ਨਾਲ ਦਬੀ ਹੋਈ ਹੈ ਸੋ ਭੀ ਪਰਮੇਸ਼ਰ ਦੇ ਡਰ ਵਿਚ ਹੈ। ਪ੍ਰਮਾਨ—ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ ॥ ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ।

ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥

(ਇੰਦੁ) ਬੱਦਲ ਜੋ ਸਿਰ ਪਰਨੇ ਫਿਰਦਾ ਹੈ ਸੋ ਭੀ ਡਰ ਵਿੱਚ ਹੈ।

ਭੈ ਵਿਚਿ ਰਾਜਾ ਧਰਮ ਦੁਆਰੁ ॥

ਡਰ ਵਿੱਚ ਹੀ ਧਰਮ ਰਾਜਾ ਦਰਬਾਰ ਵਿੱਚ ਬੈਠ ਕਰਕੇ ਜੀਵਾਂ ਦੇ ਕਰਮਾਂ ਦਾ ਲੇਖਾ ਕਰਦਾ ਹੈ। ਪ੍ਰਮਾਨ—ਧਰਮਰਾਇ ਨੋ ਹੁਕਮੁ ਹੈ

ਬਹਿ ਸਚਾ ਧਰਮੁ ਬੀਚਾਰਿ ॥

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥

ਕੋਹ ਕਰੋੜੀ ਚਲਤ ਨ ਅੰਤੁ ॥

ਸੂਰਜ ਵੀ ਡਰ ਵਿੱਚ ਹੈ, ਚੰਦਰਮਾ ਭੀ ਡਰ ਵਿੱਚ ਹੈ। ਜੋ ਕ੍ਰੋੜਾਂ ਹੀ ਕੋਹ ਚਲਦੇ ਹਨ ਜਿਨਾਂ ਦੇ ਪੈਂਡੇ ਦਾ ਅੰਤ ਨਹੀਂ ਔਂਦਾ।

ਭੈ ਵਿਚਿ ਸਿਧ ਬੁਧ ਸੁਰ ਨਾਥ ॥

੮੪ ਸਿਧ ਤੇ ਬੁਧ ਆਦਿਕ ੯ ਗ੍ਰਿਹਿ, ੩੩ਕ੍ਰੋੜ ਦੇਵਤਾ ੯ ਨਾਥ ਏਹ ਭੀ ਡਰ ਵਿੱਚ ਹਨ। ਪ੍ਰਮਾਨ—ਦੇਹ ਧਾਰ ਅਰੁਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ।

ਭੈ ਵਿਚਿ ਆਡਾਣੇ ਆਕਾਸ ॥

ਆਕਾਸ਼ ਵਿਖੇ ਜੋ(ਆਡਾਣੇ)ਤਾਰੇ ਹਨ ਸੋ ਭੀ ਡਰ ਵਿੱਚ ਹੀ ਹਨ।

ਭੈ ਵਿਚਿ ਜੋਧ ਮਹਾਬਲ ਸੂਰ ॥

ਜੋਧੇ ਮਹਾਂਬਲੀ ਸੂਰਮੇ ਸਭ ਡਰ ਵਿਚ ਹਨ।

ਭੈ ਵਿਚਿ ਆਵਹਿ ਜਾਵਹਿ ਪੂਰ ॥

ਜੀਵਾਂ ਦੇ ਪੂਰਾਂ ਦੇ ਪੂਰ ਸੰਸਾਰ ਵਿੱਚ ਆਉਂਦੇ ਜਾਂਦੇ ਹਨ ਸਭ ਡਰ ਵਿੱਚ ਹਨ।

ਸਗਲਿਆ ਭਉ ਲਿਖਿਆ ਸਿਰਿ ਲੇਖੁ ॥

ਸਾਰਿਆਂ ਦੇ ਸਿਰ ਉਪਰ ਖੌਫ ਦਾ ਲੇਖ ਲਿਖਿਆ ਹੋਇਆ ਹੈ। ਪ੍ਰਮਾਨ—ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ

ਡਰ ਕਰਣੈਹਾਰਾ ॥'

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥

ਸ੍ਰੀ ਗੁਰੂ ਜੀ ਆਖਦੇ ਹਨ ਏਕ ਸਚਾ ਨਿਰੰਕਾਰ ਹੀ ਨਿਡਰ ਹੈ।

ਮ: ੧ ॥ ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥

ਸ੍ਰੀ ਗੁਰੂ ਜੀ ਆਖਦੇ ਹਨ ਨਿਰੰਕਾਰ ਹੀ ਨਿਡਰ ਹੈ, ਹੋਰ ਉਸ ਤੋਂ ਬਿਨਾਂ ਕਿੰਨੇ ਹੀ ਰਾਮ ਆਦਿਕ ਅਵਤਾਰ ਡਰ ਵਿੱਚ (ਰਵਾਲ) ਫਿਰਦੇ ਹਨ।

ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥

ਕਿੰਨੇ ਹੀ (ਕੰਨ੍ਹ) ਕਾਹਨ ਦੀਆਂ ਕਹਾਣੀਆਂ ਨੂੰ ਕਹਿੰਦੇ ਹਨ ਕਿੰਨੇ ਹੀ ਵੇਦਾਂ ਦਾ ਵਿਚਾਰ ਕਰਦੇ ਹਨ।

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥

ਕਿੰਨੇ ਹੀ (ਮੰਗਤੇ) ਰਾਸਧਾਰੀਏ ਨਚ ਕੇ (ਗਿੜਿ ਮੁੜਿ) ਤੁਰ ਫਿਰ ਕੇ ਤਾਲਾਂ ਨੂੰ ਪੂਰਦੇ ਹਨ।

ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥

(ਬਾਜਾਰੀ) ਰਾਸਧਾਰੀਏ ਬਾਜਾਰ ਵਿੱਚ (ਬਾਜਾਰ) ਸ੍ਵਾਂਗਾਂ ਨੂੰ ਆਇ ਕਢਦੇ ਹਨ।

ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥

(ਰਾਜੇ) ਰਾਮ ਕ੍ਰਿਸ਼ਨ (ਰਾਣੀਆਂ) ਗੋਪੀਆਂ ਦੇ ਪ੍ਰਸੰਗ ਨੂੰ ਗਾਕੇ ਪਿਛੋਂ (ਆਲ ਪਤਾਲ) ਅਸਤ ਬਿਅਸਤ ਬੋਲਦੇ ਹਨ।

ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥

ਲੱਖਾਂ ਹੀ ਟਕਿਆਂ ਦੇ (ਮੁੰਦੜੇ) ਵਾਲੇ ਤੇ ਲਖਾਂ ਹੀ ਟਕਿਆਂ ਦੇ ਹਾਰ ਨੂੰ ਪਾ ਕੇ ਨੱਚਦੇ ਹਨ।

ਜਿਤੁ ਤਨਿ ਪਾਈਅਹਿ ਨਾਨਕਾ
ਸੇ ਤਨ ਹੋਵਹਿ ਛਾਰ ॥

ਸ੍ਰੀ ਗੁਰੂ ਜੀ ਕਹਿੰਦੇ ਹਨ ਜੇਹੜੇ ਮਨੁਸ਼ ਸਰੀਰ ਪਰ ਗਹਿਣਿਆਂ ਨੂੰ ਪਾ ਕੇ ਸ੍ਰੀ ਕ੍ਰਿਸ਼ਨ ਭਗਵਾਨ ਦੀਆਂ ਨਕਲਾਂ ਕਰਦੇ ਹਨ ਸੋ ਸਰੀਰ ਸੁਆਹ ਹੋ ਜਾਵਨ।

ਗਿਆਨੁ ਨ ਗਲੀਈ ਢੂਢੀਐ
ਕਥਨਾ ਕਰੜਾ ਸਾਰੁ ॥

ਬਹੁਤੀਆਂ ਗਲਾਂ ਕਰਨ ਨਾਲ ਗਿਆਨ ਨਹੀਂ ਢੂੰਡੀਦਾ ਗਿਆਨ ਨੂੰ ਕਥਨਾ (ਸਾਰੁ) ਲੋਹੇ ਵਤ ਕਰੜਾ ਹੈ।

ਕਰਮਿ ਮਿਲੈ ਤਾ ਪਾਈਐ
ਹੋਰ ਹਿਕਮਤਿ ਹੁਕਮੁ ਖੁਆਰੁ ॥੨॥

(ਕਰਮਿ) ਕ੍ਰਿਪਾਲੂ ਸਤਿਗੁਰੂ ਮਿਲਨ ਤਾਂ ਗਿਆਨ ਪਾਈਦਾ ਹੈ, ਹੋਰ ਤਦਬੀਰਾਂ ਤੇ ਹੁਕਮ ਕਰਨੇ (ਖੁਆਰੁ) ਨਿਸਫਲ ਹਨ।

ਪਉੜੀ ॥ ਨਦਰਿ ਕਰਹਿ ਜੇ ਆਪਣੀ
ਤਾ ਨਦਰੀ ਸਤਿਗੁਰੁ ਪਾਇਆ ॥

(ਨਦਰੀ) ਪ੍ਰਮੇਸ਼ਰ ਜੇ ਆਪਣੀ (ਨਦਰਿ) ਕ੍ਰਿਪਾ ਕਰੇ

ਤਾਂ ਸਤਿਗੁਰੂ ਪ੍ਰਾਪਤ ਹੁੰਦੇ ਹਨ।

ਏਹੁ ਜੀਉ ਬਹੁਤੇ ਜਨਮ ਭਰੰਮਿਆ
ਤਾ ਸਤਿਗੁਰਿ ਸਬਦੁ ਸੁਣਾਇਆ ॥

ਤਦ ਸਤਿਗੁਰੂ ਜੀ ਇਹ ਉਪਦੇਸ਼ ਸੁਣਾਉਂਦੇ ਹਨ ਕਿ ਹੇ ਭਾਈ ਇਹ ਜੀਵ ਬਹੁਤੇ ਜਨਮ ਵਿਚ ਫਿਰਦਾ ਆਇਆ ਹੈ, ਇਸ ਦੇ ਉਧਾਰ ਦਾ ਯਤਨ ਕਰ।

ਸਤਿਗੁਰ ਜੇਵਡੁ ਦਾਤਾ ਕੋ ਨਹੀ
ਸਭਿ ਸੁਣਿਅਹੁ ਲੋਕ ਸਬਾਇਆ ॥

(ਸਬਾਇਆ) ਸਭਾ ਵਿੱਚ ਆਏ ਹੋਏ ਸਭ ਲੋਕੋ ਤੁਸੀਂ ਸੁਣੋ ਸਤਿਗੁਰਾਂ ਜਿੱਡਾ ਵਡਾ ਦਾਤਾ ਹੋਰ ਕੋਈ ਨਹੀਂ ਹੈ।

ਸਤਿਗੁਰਿ ਮਿਲਿਐ ਸਚੁ ਪਾਇਆ ॥
ਜਿਨ੍ਹੀ ਵਿਚਹੁ ਆਪੁ ਗਵਾਇਆ ॥
ਜਿਨਿ ਸਚੋ ਸਚੁ ਬੁਝਾਇਆ ॥ ੪ ॥

ਜੋ ਪੁਰਖ ਰਿਦੇ ਵਿਚੋਂ ਹੰਕਾਰ ਨੂੰ ਗਵਾ ਕੇ ਸਤਿਗੁਰਾਂ ਨੂੰ ਮਿਲੇ ਹਨ ਤਿਨ੍ਹਾਂ ਨੇ ਸਚੇ ਪ੍ਰਮੇਸ਼ੁਰ ਨੂੰ ਪਾਇਆ ਹੈ, ਜਿਨ੍ਹਾਂ ਨੇ (ਸਚੁ) ਨਿਸਚੇ ਕਰਕੇ ਸਚੇ ਉਪਦੇਸ਼ ਨੂੰ ਸਮਝਾਇਆ ਹੈ, ਸੋ ਸਤਿਗੁਰੂ ਹੈ ॥ ੪ ॥

ਉਥਾਨਕਾ--ਸ਼ੇਖ ਇਬਰਾਹੀਮ ਨੇ ਕਿਹਾ ਹੇ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਪਾਕਪਟਨ ਸ਼ਹਿਰ ਦੇ ਵਿੱਚ ਰਾਸ ਪੈ ਰਹੀ ਹੈ ਚਲੋ ਆਪ ਜੀ ਨੂੰ ਦਿਖਾ ਲਿਆਵੀਏ ਤਾਂ ਸ੍ਰੀ ਗੁਰੂ ਜੀ ਨੇ

ਕਿਹਾ ਅਸੀਂ ਦੁਨਿਆਵੀ ਰਾਸ ਨਹੀਂ ਦੇਖਦੇ ਅਸੀਂ ਪ੍ਰਮਾਤਮਾ ਦੀ ਅੰਤ੍ਰੀਵ ਰਾਸ ਦੇਖ ਰਹੇ ਹਾਂ, ਤਾਂ ਸ਼ੇਖ ਇਬਰਾਹੀਮ ਨੇ ਕਿਹਾ ਕਿਹੜੀ ਰਾਸ ਦੇਖਦੇ ਹੋ ਤਾਂ ਸ੍ਰੀ ਗੁਰੂ ਜੀ ਅਗੋਂ ਉਤ੍ਰ ਦੇਂਦੇ ਹਨ:—

ਸਲੋਕ ਮਃ ੧ ॥

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥
ਗਹਣੇਪਉਣੁਪਾਣੀਬੈਸੰਤਰਚੰਦੁਸੂਰਜੁਅਵਤਾਰ॥

ਹੇ ਸ਼ੇਖ ਇਬਰਾਹੀਮ ! ਚੰਦ੍ਰਮਾਂਸੂਰਜ ਏਹ ਅਵਤਾਰ ਹਨ ਸਭੇ ਰਾਤ ਦਿਨ ਦੀਆਂ ੬੦ ਘੜੀਆਂ ਗੋਪੀਆਂ ਹਨ ਦਿਨ ਦੇ ੮ ਪੈਹਰ (ਗੋਪਾਲ) ਗਵਾਲੇ (ਕੰਨ੍ਹ) ਕੀਤੇ ਹੋਏ ਹਨ ਪਉਣੁ ਪਾਣੀ ਬੈਸੰਤਰ ਏਹ ਗੈਹਣੇ ਪਾਏ ਹੋਏ ਹਨ ।

ਸਗਲੀਧਰਤੀਮਾਲੁਧਨੁ ਵਰਤਣਿਸਰਬਜੰਜਾਲ॥

ਸਾਰੀ ਧਰਤੀ ਗਊਆਂ ਰੂਪੀ ਮਾਲ ਧਨ ਹੈ ਹੋਰ ਪ੍ਰਤੱਖ ਰਾਸ ਵਿੱਚ ਵਰਤਣਾ ਸਭ (ਜੰਜਾਲ) ਬੰਧਨ ਰੂਪ ਹੈ ।

ਨਾਨਕ ਮੁਸੈ ਗਿਆਨ ਵਿਹੂਣੀ
ਖਾਇ ਗਇਆ ਜਮਕਾਲੁ ॥੧॥

ਸ੍ਰੀ ਗੁਰੂ ਜੀ ਆਖਦੇ ਹਨ ਜੋ ਗਿਆਨ ਤੋਂ ਖਾਲੀ ਹਨ ਸੋ ਲੁਟੀ ਜਾ ਰਹੇ ਹਨ ਤਿਨਾਂ ਨੂੰ ਕਾਲ ਕਰਨੇ ਵਾਲਾ ਜਮ ਖਾ ਗਿਆ ਹੈ ਅਤੇ ਖਾ ਜਾਏਗਾ ।

ਮਃ ੧ ॥ ਵਾਇਨਿ ਚੇਲੇ ਨਚਨਿ ਗੁਰ ॥

ਹੇ ਸ਼ੇਖ ਇਬਰਾਹੀਮ ਪ੍ਰਤੱਖ ਰਾਸ ਵਿੱਚ (ਗੁਰ) ਇਸ਼ਟ ਦੇਵ ਨੱਚਦੇ ਹਨ (ਚੇਲੇ) ਉਪਾਸ਼ਕ ਸਾਜ ਵਜੌਂਦੇ ਹਨ ।

ਪੈਰ ਹਲਾਇਨਿ ਫੇਰਨਿ੍ ਸਿਰਿ ॥

ਸ੍ਵਾਂਗ ਧਾਰ ਕੇ ਪੈਰਾਂ ਨੂੰ ਹਿਲਾਉਂਦੇ ਹਨ ਤੇ ਵੇਖਣ ਵਾਲੇ ਸਿਰ ਫੇਰਦੇ ਹਨ।

ਉਡਿ ਉਡਿ ਰਾਵਾ ਝਾਟੈ ਪਾਇ ॥

(ਰਾਵਾ) ਧੂੜੀ ਉਡ ਉਡ ਕੇ (ਝਾਟੈ) ਸਿਰ ਵਿੱਚ ਪੈਂਦੀ ਹੈ।

ਵੇਖੈ ਲੋਕੁ ਹਸੈ ਘਰਿ ਜਾਇ ॥

ਰਾਸ ਨੂੰ ਵੇਖ ਕੇ ਲੋਕੀ ਘਰ ਜਾਕੇ ਹਸਦੇ ਹਨ।

ਰੋਟੀਆ ਕਾਰਣਿ ਪੂਰਹਿ ਤਾਲ ॥

ਆਪੁ ਪਛਾੜਹਿ ਧਰਤੀ ਨਾਲਿ ॥

ਰਾਸਧਾਰੀਏ ਆਪਣੇ ਸਰੀਰ ਨੂੰ ਧਰਤੀ ਨਾਲ ਪਛਾੜ ਕੇ ਆਪਣਾ ਪ੍ਰੇਮ ਜਣੌਂਦੇ ਹਨ, ਅਸਲ ਵਿੱਚ ਰੋਟੀਆਂ ਦੇ ਵਾਸਤੇ ਤਾਲਾਂ ਨੂੰ ਪੂਰਦੇ ਹਨ।

ਗਾਵਨਿ ਗੋਪੀਆ ਗਾਵਨਿ ਕਾਨ੍ ॥

ਗਾਵਨਿ ਸੀਤਾ ਰਾਜੇ ਰਾਮ ॥

ਗੋਪੀਆਂ ਤੇ ਕਾਹਨ, ਸੀਤਾ ਅਤੇ ਰਾਜਾ ਰਾਮ ਦੇ ਚਲਿੱਤ੍ਰਾਂ ਨੂੰ ਗਾਂਵਦੇ ਹਨ।

ਨਿਰਭਉ ਨਿਰੰਕਾਰੁ ਸਚੁ ਨਾਮੁ ॥

ਜਾਕਾ ਕੀਆ ਸਗਲ ਜਹਾਨੁ ॥

ਹੇ ਸ਼ੇਖ ਇਬਰਾਹੀਮ ! ਰਾਸ ਦਾ ਵੇਖਣਾ ਛਡ ਕੇ ਸਚਾ ਨਿਰੰਕਾਰ ਜੋ ਨਿਡਰ ਹੈ, ਜਿਸ ਨੇ ਸਾਰਾ ਜਹਾਨ ਉਤਪੰਨ

ਕੀਤਾ ਹੋਇਆ ਹੈ ਬੈਠ ਕੇ ਤਿਸਦੇ ਨਾਮ ਨੂੰ ਜਪ।

ਸੇਵਕ ਸੇਵਹਿ ਕਰਮ ਚੜਾਉ ॥

ਜਿਨ੍ਹਾਂ ਸੇਵਕਾਂ ਨੂੰ ਪੂਰਬਲੇ ਕਰਮਾਂ ਦਾ (ਚੜਾਉ) ਰੰਗ ਚੜ੍ਹਿਆ ਹੈ ਸੋ ਹਰੀ ਨੂੰ ਸੇਂਵਦੇ ਹਨ।

ਭਿੰਨੀ ਰੈਣਿ ਜਿਨ੍ਹਾ ਮਨਿ ਚਾਉ ॥

ਜਿਨ੍ਹਾਂ ਦਾ ਮਨ ਉਤਸ਼ਾਹ ਵਾਲਾ ਹੈ ਤਿਨ੍ਹਾਂ ਦੀ ਅਵਸਥਾ ਰੂਪੀ ਰਾਤ ਪ੍ਰੇਮ ਨਾਲ ਭਿੱਜੀ ਹੈ।

ਸਿਖੀ ਸਿਖਿਆ ਗੁਰ ਵੀਚਾਰਿ ॥

ਜਿਨ੍ਹਾਂ ਨੇ ਗੁਰਾਂ ਤੋਂ ਸਿਖਿਆ ਸਿਖ ਕੇ ਸਚ ਝੂਠ ਦਾ ਵਿਚਾਰ ਕੀਤਾ ਹੈ।

ਨਦਰੀ ਕਰਮਿ ਲੰਘਾਏ ਪਾਰਿ ॥

ਉਨ੍ਹਾਂ ਨੂੰ (ਨਦਰੀ) ਗੁਰੂ (ਕਰਮਿ) ਕ੍ਰਿਪਾ ਕਰ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਂਦੇ ਹਨ।

—o—

ਫੇਰ ਸ਼ੇਖ ਇਬਰਾਹੀਮ ਨੇ ਕਿਹਾ ਇਹ ਰਾਸਧਾਰੀਏ ਕਲਿਆਨ ਸਰੂਪ ਹੋ ਜਾਂਦੇ ਹੋਣਗੇ । ਕਿਉਂਕਿ ਕਈ ਪ੍ਰਕਾਰ ਦਾ ਸੁੰਦਰ ਰਾਗ ਅਲਾਪਨ ਕਰਕੇ ਭਵਾਟਣੀਆਂ ਲੈਂਦੇ ਹਨ। ਤਾਂ ਸ੍ਰੀ ਗੁਰੂ ਜੀ ਆਖਦੇ ਹਨ—

ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥ ਲਾਟੂ ਮਧਾਣੀਆ ਅਨਗਾਹ ॥ ਪੰਖੀ

ਭਉਦੀਆ ਲੈਨਿ ਨ ਸਾਹ॥ ਸੂਐ ਚਾੜਿ ਭਵਾ ਈਅਹਿ ਜੰਤ॥ਨਾਨਕਭਉਦਿਆਗਣਤਨ ਅੰਤ॥

ਅਰਥ—ਕੋਹਲੂ, ਚਰਖਾ, ਚੱਕੀ ਤਥਾ ਘੁਮਿਆਰ ਦਾ ਚੱਕ, ਤਥਾ ਮਾਰੂ ਥਲਾਂ ਦੇ ਬਹੁਤ ਤੋਂ ਬਹੁਤ ਵਾ-ਵਰੋਲੇ ਫਿਰਦੇ ਹਨ ਅਤੇ ਲਾਟੂ, ਮਧਾਣੀਆਂ (ਅਨਗਾਹ) ਫਲ੍ਹਾ, ਤਥਾ ਪੰਖੀਆਂ ਦੀਆਂ ਡਾਰਾਂ ਭੌਂਦੀਆਂ ਹੋਈਆਂ ਸਾਹ ਭੀ ਨਹੀਂ ਲੈਂਦੀਆਂ, ਬਾਲਕ ! ਸੂਲ ਤੇ ਚਾੜ੍ਹਕੇ (ਜੰਤ) ਬੀਂਡੇ ਨੂੰ ਭਵਾਉਂਦੇ ਹਨ। ਸ੍ਰੀ ਗੁਰੂ ਜੀ ਆਖਦੇ ਹਨ ਭੌਣ ਵਾਲੀਆਂ ਵਸਤੂਆਂ ਦੀ ਗਿਣਤੀ ਦਾ ਅੰਤ ਨਹੀਂ ਆਉਂਦਾ । ਇਹ ਭੀ ਵਸਤੂਆਂ ਚਕਰਾ ਕਾਰ ਬਹੁਤ ਭਵਾਟਣੀਆਂ ਲੈਂਦੀਆਂ ਹਨ ਤਾਂਤੇ ਇਹਨਾਂ ਵਸਤੂਆਂ ਨੂੰ ਭੀ ਮੋਖ ਹੋਣਾ ਚਾਹੀਦਾ ਹੈ।

ਬੰਧਨ ਬੰਧਿ ਭਵਾਏ ਸੋਇ॥

ਜੋ ਬੰਧਨ ਵਿਚ ਬਧੇ ਹੋਏ ਹਨ ਸੋਈ ਭਵਾਏ ਜਾਂਦੇ ਹਨ।

ਪਇਐ ਕਿਰਤਿ ਨਚੈ ਸਭੁ ਕੋਇ ॥

ਸਭ ਕੋਈ ਆਪਣੇ ਕਰਮਾਂ ਦੀ ਕਿਰਤ ਅਨੁਸਾਰ ਹੀ ਏਪ ਨੱਚਦੇ ਹਨ।

ਨਚਿ ਨਚਿ ਹਸਹਿ ਚਲਹਿ ਸੇ ਰੋਇ ॥

ਜੋ ਨੱਚਨੱਚ ਕੇ ਹਸਦੇ ਹਨ,ਸੋਈ ਅੰਤ ਨੂੰ ਚਲਦੀਵਾਰੀਰੋਂਦੇ ਹਨ।

ਉਡਿ ਨ ਜਾਹੀ ਸਿਧ ਨ ਹੋਹਿ॥

ਅਜੇਹੇ ਆਦਮੀ ਸਿਧੀਆਂ ਸਪੰਨ ਹੋਕੇ ਅਕਾਸ਼ ਮੇਂ ਉਡ ਨਹੀਂ ਜਾਂਦੇ, ਅਤੇ ਨਾਂ ਹੀ (ਸਿਧ) ਮੁਕਤ ਹੀ ਹੁੰਦੇ ਹਨ।

ਨਚਣੁ ਕੁਦਣੁ ਮਨ ਕਾ ਚਾਉ ॥

ਨਚਨਾ ਤੇ ਕੁਦਨਾ ਤਾਂ ਮਨ ਦਾ ਹੀ ਸ਼ੌਂਕ ਹੈ, ਇਹ ਭਗਤੀ ਨਹੀਂ। ਪ੍ਰਮਾਨ—'ਨਚੀਐ ਟਪੀਐ ਭਗਤਿ ਨ ਹੋਇ।'

ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥

ਸ੍ਰੀ ਗੁਰੂ ਜੀ ਆਖਦੇ ਹਨ ਜਿਨ੍ਹਾਂ ਦੇ ਮਨ ਵਿਚ ਪ੍ਰਮੇਸ਼ਰ ਦਾ ਖੌਫ ਹੈ ਤਿਨ੍ਹਾਂ ਦੇ ਮਨ ਵਿਚ ਪ੍ਰੇਮਾ ਭਗਤੀ ਔਂਦੀ ਹੈ।

ਪਉੜੀ ॥ ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥

ਹੇ ਭਾਈ ਤੇਰਾ ਉਧਾਰ ਕਰਨ ਵਾਲਾ ਨਿਰੰਕਾਰ ਦਾ ਨਾਮ ਹੀ ਹੈ ਕਿਉਂਕਿ ਨਾਮ ਲੈਣ ਕਰਕੇ ਨਰਕਾਂ ਵਿਚ ਨਹੀਂ ਜਾਈਦਾ।

ਜੀਉ ਪਿੰਡੁ ਸਭੁ ਤਿਸਦਾ ਦੇ ਖਾਜੈ ਆਖਿ ਗਵਾਈਐ ॥

ਜੀਵ ਨੂੰ ਦਿੱਤਾ ਹੋਇਆ ਸਰੀਰ ਤਥਾ ਸਭ ਪਦਾਰਥ ਉਸ ਦੇ ਹਨ। ਪਹਿਲੇ ਪ੍ਰਮੇਸ਼੍ਵਰ ਨਮਿੱਤ ਦੇਕੇ ਮਗਰੋਂ ਆਪ ਖਾਵੇ ਤੇ ਫੇਰ ਦੇ ਕੇ ਆਖਣਾ ਛਡ ਦੇਵੇ ਕਿ ਮੈਂ ਦਿਤਾ ਹੈ।

ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥

ਹੇ ਭਾਈ ਜੇ ਆਪਣਾ ਭਲਾ ਚਾਹੁੰਦਾ ਹੈਂ ਤਾਂ ਪੁੰਨ ਕਰਕੇ ਆਪਣੇ ਆਪ ਨੂੰ ਨੀਚ ਸਦਾਈਏ।

ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥

ਅਤੇ ਜੇਕਰ (ਜਰਵਾਣਾ) ਜਮ ਨੂੰ ਪਰੇ ਕਰਨਾ ਚਾਹੁੰਦਾ ਹੈਂ (ਤਾਂ ਨਾਮ ਜਪੁ) ਕਿਉਂਕਿ ਦੇਹ (ਜਰੁ) ਬੁਢੇਪੇ ਦਾ ਵੇਸ ਕਰਦੀ ਔਂਦੀ ਹੈ।

ਕੋ ਰਹੈ ਨ ਭਰੀਐ ਪਾਈਐ॥ ੫ ॥

ਜੈਸੇ ਪੜੋਪੀ ਭਰ ਕੇ ਉਲਟਾਈ ਜਾਵੇ ਤਾਂ ਉਸ ਵਿਚ ਦਾਣਾ ਕੋਈ ਭੀ ਨਹੀਂ ਰਹਿੰਦਾ। ਤੈਸੇ ਹੀ ਜਦ ਸੁਆਸਾਂ ਰੂਪੀ (ਪਾਈਐ) ਪੜੋਪੀ ਭਰ ਕੇ ਉਲਟਾਈ ਗਈ, ਭਾਵ–ਸਵਾਸ ਪੂਰੇ ਹੋ ਗਏ ਤਾਂ ਕੋਈ ਸੁਆਸ ਬਾਕੀ ਨਹੀਂ ਰਹੇਗਾ ॥ ੫ ॥

ਸਲੋਕ ਮ: ੧ ॥ ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥

ਮੁਸਲਮਾਨ ਰੱਬ ਦੀ ਸਿਫਤ ਤਾਂ ਕਰਦੇ ਹਨ ਪਰ (ਸਰੀਅਤਿ) ਸ਼ਰ੍ਹਾ ਦੀ ਕਿਤਾਬ ਨੂੰ ਪੜ੍ਹ ਪੜ੍ਹ ਕੇ ਸ਼ਰ੍ਹਾ ਦੀ ਹੀ ਵਿਚਾਰ ਕਰਦੇ ਹਨ।

ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥

ਪਰੰਤੂ ਬੰਦੇ ਸੋ ਹਨ ਜੋ ਰਬ ਦੇ ਦਰਸ਼ਨ ਵੇਖਣ ਕਉ ਬੰਦਗੀ ਵਿਚ ਪੈਂਦੇ ਹਨ।

ਹਿੰਦੂ ਸਾਲਾਹੀ ਸਾਲਾਹਨਿ

ਦਰਸਨਿ ਰੂਪਿ ਅਪਾਰੁ ॥

ਜੋ ਪ੍ਰਮੇਸ਼੍ਵਰ ਸਲਾਹੁਣ ਜੋਗ ਅਪਾਰ ਰੂਪ ਵਾਲਾ ਹੈ ਤਿਸ ਦੇ ਦਰਸ਼ਨ ਲਈ ਹਿੰਦੂ ਭੀ ਸਲਾਹੁੰਦੇ ਹਨ।

ਤੀਰਥਿ ਨਾਵਹਿ ਅਰਚਾ ਪੂਜਾ
ਅਗਰ ਵਾਸੁ ਬਹਕਾਰੁ ॥

ਅਤੇ ਤੀਰਥਾਂ ਤੇ ਨਹਾਉਂਦੇ ਹਨ(ਅਰਚਾ)ਮੂਰਤੀ ਪੂਜਾ ਕਰਦੇ ਹਨ (ਅਗਰ) ਚੰਦਨ ਦੀ ਵਾਸ਼ਨਾ (ਬਹਕਾਰੁ) ਦੇਂਦੇ ਹਨ।

ਜੋਗੀ ਸੁੰਨਿ ਧਿਆਵਨ੍ਹਿ ਜੇਤੇ
ਅਲਖ ਨਾਮੁ ਕਰਤਾਰੁ ॥

ਜਿਤਨੇ ਜੋਗੀ ਹਨ ਅਲਖ ਕਰਤਾਰ ਦੇ ਨਾਮ ਨੂੰ (ਸੁੰਨਿ) ਉਜਾੜ ਵਿਚ ਧਿਆਉਂਦੇ ਹਨ।

ਸੂਖਮ ਮੂਰਤਿ ਨਾਮੁ ਨਿਰੰਜਨ
ਕਾਇਆ ਕਾ ਆਕਾਰੁ ॥

ਜੋ ਸੂਖਮ ਮੂਰਤੀ ਜਿਸ ਦਾ ਨਿਰੰਜਨ ਨਾਮ ਹੈ ਕੋਈ ਤਿਸ ਨੂੰ ਕਾਇਆਂ ਦਾ ਆਕਾਰ ਵਾਲਾ ਜਾਣ ਕੇ ਭਾਵ ਵੈਰਾਟ ਸਰੂਪ ਦਾ ਚਿੰਤਨ ਕਰਦੇ ਹਨ।

ਸਤੀਆ ਮਨਿ ਸੰਤੋਖੁ ਉਪਜੈ
ਦੇਣੈ ਕੈ ਵੀਚਾਰਿ ॥

ਸਤੀਆਂ ਦੇ ਮਨ ਵਿਚ ਸੰਤੋਖ ਉਤਪੰਨ ਹੁੰਦਾ ਹੈ ਤੇ

ਦਾਤਿਆਂ ਦੇ ਮਨ ਵਿਚ ਦੇਣੇ ਦਾ ਵਿਚਾਰ ਰਹਿੰਦਾ ਹੈ।

ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥

ਕਈ ਦੇ ਦੇ ਕਰਕੇ (ਸਹਸਾ) ਹਜ਼ਾਰ ਗੁਣਾਂ ਜ਼ਿਆਦਾ ਮੰਗਦੇ ਹਨ। ਤੇ ਕਈ ਸੰਸਾਰ ਵਿਚ ਸੋਭਾ ਕਰਾਉਣ ਲਈ ਦੇਂਦੇ ਹਨ।

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥

ਚੋਰਾਂ, ਯਾਰਾਂ ਤੇ ਕੂੜਿਆਰਾਂ, ਵੇਕਾਰੀਆਂ ਨੂੰ ਯਮਦੂਤ ਖ਼ਰਾਬ ਕਰਦੇ ਹਨ।

ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥

ਇਕ ਅਜੇਹੇ ਹਨ ਜੋ ਪਿਛਲੇ ਕਰਮਾਂ ਦਾ ਹੁੰਦਾ ਫਲ ਇਥੇ ਹੀ ਖਾ ਕੇ ਚਲਦੇ ਹਨ ਅਗੇ ਲਈ ਕੁਝ ਭੀ ਬੀਜਦੇ ਨਹੀਂ- ਤਿਨ੍ਹਾਂ ਦੀ ਕੀ ਕਾਰ ਆਖੀਏ ਭਾਵ ਬੁਧੀ ਹੀਨ ਹਨ।

ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥

ਹੇ ਪ੍ਰਮੇਸ਼ੁਰ ਜਲਾਂ ਥਲਾਂ ਵਿਚ ਜੋ ਜੀਵ ਹਨ ਤੇ ਪੁਰੀਆਂ ਵਿਚ ਜੋ ਲੋਕ ਹਨ (ਆਕਾਰਾ ਆਕਾਰ) ਸਰੀਰਾਂ ਵਿਚ ਜੋ ਸਰੀਰ ਜੂਆਂ ਆਦਿਕ ਹਨ।

ਓਇ ਜਿ ਆਖਹਿ ਸੁ ਤੂੰ ਹੈ ਜਾਣਹਿ

ਤਿਨਾ ਭਿ ਤੇਰੀ ਸਾਰ ॥

ਹੇ ਪ੍ਰਭੂ ਓਹ ਜੋ ਚਿਤ ਵਿੱਚ ਆਖਦੇ ਹਨ ਸੋ ਤੂੰ ਜਾਣਦਾ ਹੈਂ ਤਿਨ੍ਹਾਂ ਨੂੰ ਭੀ ਤੇਰੀ (ਸਾਰ) ਓਟ ਹੈ।

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥

ਸ੍ਰੀ ਗੁਰੂ ਜੀ ਆਖਦੇ ਹਨ ਭਗਤਾਂ ਨੂੰ ਤਾਂ ਤੇਰੇ ਸਲਾਹੁਣੇ ਦੀ ਭੁਖ ਲਗੀ ਰਹਿੰਦੀ ਹੈ ਤੇ ਸਚੇ ਦਾ ਹੀ ਨਾਮ ਜਪ ਕੇ (ਆਧਾਰ) ਤ੍ਰਿਪਤ ਹੁੰਦੇ ਹਨ।

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥੧॥

ਸਦੀਵ ਕਾਲ ਰਾਤ ਦਿਨੇ ਅਨੰਦ ਰਹਿੰਦੇ ਹਨ ਤੇ ਗੁਣਵੰਤਿਆ ਦੇ (ਪਾ) ਪੈਰਾਂ ਦੀ ਧੂੜੀ ਮਥੇ ਤੇ ਲਾਂਵਦੇ ਹਨ।

ਉਥਾਨਕਾ—ਤਾਂ ਸ਼ੇਖ ਇਬਰਾਹੀਮ ਨੇ ਕਿਹਾ ਜੇਹੜੇਹਿੰਦੂ ਮ੍ਰਿਤਕ ਜੀਵ ਅਗਨੀ ਵਿਚ ਦਗਧ ਕੀਤੇ ਜਾਂਦੇ ਹਨ ਉਹ ਦੋਜ਼ਕ ਨੂੰ ਜਾਂਦੇ ਹਨ ਤੇ ਜੇਹੜੇ ਮੁਸਲਮਾਨ ਪ੍ਰਿਥਵੀ ਵਿਚ ਦਬੇ ਜਾਂਦੇ ਹਨ ਉਹ ਬਹਿਸ਼ਤ ਨੂੰ ਜਾਂਦੇ ਹਨ ਤਾਂ ਸ੍ਰੀ ਗੁਰੂ ਜੀ ਨੇ ਇਹ ਉਤਰ ਦਿੱਤਾ:—

ਮਃ ੧ ॥ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥

ਮੁਸਲਮਾਨ ਦੀ ਕਬਰ ਦੀ ਮਿੱਟੀ ਘੁਮਿਆਰ ਦੇ ਪੇਟੇ ਪਈ ਹੈ ਭਾਵ ਗੋਰ ਸਥਾਨ ਦੀ ਮਿੱਟੀ ਚੀਕਣੀ ਹੋਣ ਕਰਕੇ ਘੁਮਿਆਰ ਦੇ ਬਹੁਤ ਕੰਮ ਔਂਦੀ ਹੈ।

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥

ਤਾਂ ਘੁਮਿਆਰ ਨੇ ਉਸ ਨੂੰ ਗੋ ਸਵਾਰਕੇ ਭਾਂਡੇ ਘੜੇ ਅਤੇ ਇੱਟਾਂ ਬਣਾਈਆਂ, ਆਵੇ ਤੇ ਚੜ੍ਹਾ ਕੇ ਅੱਗ ਲਾ ਦਿਤੀ ਤਾਂ ਮੁਸਲਮਾਨ ਦੀ ਮਿੱਟੀ ਸੜਦੀ ਹੋਈ (ਪੁਕਾਰ) ਸੂੰ ਸੂੰ ਕਰਦੀ ਹੈ।

ਜਲਿ ਜਲਿ ਰੋਵੈ ਬਪੁੜੀ
ਝੜਿ ਝੜਿ ਪਵਹਿ ਅੰਗਿਆਰ ॥

ਵਿਚਾਰੀ ਕਬਰਾਂ ਦੀ ਮਿੱਟੀ ਸੜ ਸੜ ਕੇ ਰੋਂਦੀ ਹੈ ਤੇ ਅੰਗਿਆਰਾਂ ਦੇ ਤੇਜ ਨਾਲ ਖਿੰਗਰ ਝੜ ਝੜ ਕੇ ਡਿਗ ਪੈਂਦੇ ਹਨ।

ਨਾਨਕ ਜਿਨਿ ਕਰਤੈ ਕਾਰਣੁ ਕੀਆ
ਸੋ ਜਾਣੈ ਕਰਤਾਰੁ ॥ ੨ ॥

ਸ੍ਰੀ ਗੁਰੂ ਜੀ ਆਖਦੇ ਹਨ ਜਿਸ ਕਰਤੇ ਨੇ (ਕਾਰਣੁ) ਪ੍ਰਪੰਚ ਨੂੰ ਉਤਪਤ ਕੀਤਾ ਹੈ ਸੋ ਕਰਤਾਰ ਹੀ ਹਿੰਦੂ ਅਤੇ ਮੁਸਲਮਾਨ ਦੋਹਾਂ ਦੀ ਪ੍ਰਲੋਕ ਦੀ ਗਤੀ ਨੂੰ ਜਾਣਦਾ ਹੈ।

ਪਉੜੀ ॥ ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ ॥

ਸਤਿਗੁਰੂ ਦੇ ਉਪਦੇਸ਼ ਤੋਂ ਬਿਨਾਂ ਪ੍ਰਮੇਸ਼ੂਰ ਨੂੰ ਪਿਛੇ ਭੀ

ਕਿਸੇ ਨਹੀਂ ਸੀ ਪਾਇਆ ਤੇ ਹੁਣ ਭੀ ਸਤਿਗੁਰੂ ਦੇ ਉਪਦੇਸ਼ ਤੋਂ ਬਿਨਾਂ ਕਿਸੇ ਨੇ ਨਹੀਂ ਪਾਇਆ।

ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ॥

ਪ੍ਰਮੇਸ਼ਵਰ ਨੇ ਆਪਣਾ ਆਪ ਸਤਿਗੁਰੂ ਵਿਚ ਰਖਿਆ ਹੋਇਆ ਹੈ ਇਸ ਗੱਲ ਨੂੰ ਵੇਦਾਂ ਨੇ ਪ੍ਰਗਟ ਹੀ ਆਖ ਕੇ ਸੁਣਾਇਆ ਹੈ। ਪ੍ਰਮਾਨ–'ਸ਼ਾਸਤ੍ਰ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ। ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨ ਵੇਖਹੁ ਕਰਿ ਬੀਚਾਰੀ।'

ਸਤਿਗੁਰ ਮਿਲਿਐ ਸਦਾ ਮੁਕਤੁ ਹੈ
ਜਿਨਿ ਵਿਚਹੁ ਮੋਹੁ ਚੁਕਾਇਆ॥

ਜਿਸ ਨੇ ਸਤਿਗੁਰਾਂ ਨੂੰ ਮਿਲ ਕੇ ਹਿਰਦੇ ਵਿਚੋਂ ਮੋਹ ਚੁਕਾ ਦਿੱਤਾ ਹੈ ਉਹ ਸਦਾ ਹੀ ਮੁਕਤ ਰੂਪ ਹੈ।

ਉਤਮੁ ਏਹੁ ਬੀਚਾਰੁ ਹੈ
ਜਿਨਿ ਸਚੇ ਸਿਉ ਚਿਤੁ ਲਾਇਆ॥
ਜਗ ਜੀਵਨੁ ਦਾਤਾ ਪਾਇਆ॥੬॥

ਜਿਨ੍ਹਾਂ ਨੇ ਸਚੇ ਸਤਿਗੁਰੂ ਦੇ ਉਪਦੇਸ਼ ਵਿੱਚ ਚਿਤ ਲਾਇਆ ਹੈ ਤਿਨ੍ਹਾਂ ਨੇ ਜਗ ਜੀਵਨ ਦਾਤੇ ਨੂੰ ਪਾਇਆ ਹੈ ਇਹੋ ਵਿਚਾਰ ਉੱਤਮ ਹੈ।

ਸਲੋਕ ਮਃ ੧ ॥

ਹਉ ਵਿਚਿ ਆਇਆ ਹਉ ਵਿਚਿ ਗਇਆ ॥

ਜੀਵ ਹੰਗਤਾ ਵਿਚ ਹੀ ਆਯਾ ਹੰਗਤਾ ਵਿਚ ਹੀ ਚਲਾ ਗਿਆ।

ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥

ਭਾਵ—ਹੰਗਤਾ ਵਿਚ ਹੀ ਜੰਮਿਆਂ ਹੰਗਤਾ ਵਿਚ ਹੀ ਮਰ ਗਿਆ।

ਹਉ ਵਿਚਿ ਦਿਤਾ ਹਉ ਵਿਚਿ ਲਇਆ ॥

ਹੰਗਤਾ ਵਿਚ ਹੀ ਦੇਂਦਾ ਹੈ ਤਥਾ ਹੰਗਤਾ ਵਿਚ ਹੀ ਲੈਂਦਾ ਹੈ।

ਹਉ ਵਿਚਿ ਖਟਿਆ ਹਉ ਵਿਚਿ ਗਇਆ ॥

ਹੰਗਤਾ ਵਿਚ ਹੀ ਖਟਦਾ ਹੈ ਹੰਗਤਾ ਵਿਚ ਹੀ ਗੁਆਉਂਦਾ ਹੈ।

ਹਉ ਵਿਚਿ ਸਚਿਆਰੁ ਕੂੜਿਆਰੁ ॥

ਹੰਗਤਾ ਵਿਚ ਹੀ ਜੀਵ ਸਚਾ ਤੇ ਹੰਗਤਾ ਵਿਚ ਹੀ ਝੂਠਾ ਬਣਦਾ ਹੈ

ਹਉ ਵਿਚਿ ਪਾਪ ਪੁੰਨ ਵੀਚਾਰੁ ॥

ਹੰਗਤਾ ਵਿਚ ਹੀ ਪਾਪਾਂ ਪੁੰਨਾਂ ਦਾ ਵਿਚਾਰ ਕਰਦਾ ਹੈ।

ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥

ਹੰਗਤਾ ਵਿਚ ਹੀ ਨਰਕ, ਸੁਰਗ ਵਿਚ ਅਵਤਾਰ ਲੈਂਦਾ ਹੈ।

ਹਉ ਵਿਚਿ ਹਸੈ ਹਉ ਵਿਚਿ ਰੋਵੈ ॥

ਹੰਗਤਾ ਵਿਚ ਹੀ ਹਸਦਾ ਹੈ ਹੰਗਤਾ ਵਿਚ ਹੀ ਰੋਂਦਾ ਹੈ

ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥

ਹੰਗਤਾ ਵਿਚ ਹੀ ਪਾਪਾਂ ਨਾਲ ਲਿਬੜਦਾ ਹੈ ਤੇ ਹੰਗਤਾ ਵਿਚ ਹੀ ਪੁੰਨ ਕਰਕੇ ਪਾਪਾਂ ਨੂੰ ਧੋਂਦਾ ਹੈ।

ਹਉ ਵਿਚਿ ਜਾਤੀ ਜਿਨਸੀ ਖੋਵੈ ॥

ਹੰਗਤਾ ਵਿਚ ਹੀ ਜਾਤੀ ਤੇ (ਜਿਨਸੀ) ਮਾਲ ਦੇ ਅਭਿ-ਮਾਨ ਨੂੰ ਖੋਹਕੇ ਸੰਨਿਆਸੀ ਹੋ ਜਾਂਦਾ ਹੈ।

ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥

ਹੰਗਤਾ ਵਿਚ ਹੀ ਮੂਰਖ ਹੰਗਤਾ ਵਿਚ ਹੀ ਸਿਆਣਾ ਬਣਦਾ ਹੈ।

ਮੋਖ ਮੁਕਤਿ ਕੀ ਸਾਰ ਨ ਜਾਣਾ ॥

ਹੰਗਤਾ ਕਰਕੇ (ਮੋਖ ਮੁਕਤਿ) ਕੇਵਲ ਮੋਖ ਦੀ ਸਾਰ ਨਹੀਂ ਜਾਣਦਾ।

ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥

ਹੰਗਤਾ ਵਿਚ ਹੀ ਮਾਯਾ ਲਗ ਰਹੀ ਹੈ- ਹੰਗਤਾ ਵਿਚ ਹੀ (ਛਾਇਆ) ਅਵਿਦਿਆ ਲਗ ਰਹੀ ਹੈ।

ਹਉਮੈ ਕਰਿ ਕਰਿ ਜੰਤ ਉਪਾਇਆ ॥

ਹਉਮੈ ਕਰਨ ਕਰਕੇ ਹੀ ਇਹ ਜੀਵ ਜੂਨੀਆਂ ਵਿਚ ਪੈਦਾ ਕੀਤਾ ਜਾਂਦਾ ਹੈ।

ਹਉਮੈ ਬੂਝੈ ਤਾ ਦਰੁ ਸੂਝੈ ॥

ਪਰੰਤੂ ਜੇਕਰ ਹਉਮੈ ਨੂੰ (ਬੂਝੈ) ਨਾਸ ਕਰ ਦੇਵੇ ਤਾਂ (ਦਰੁ) ਗਿਆਨ ਸੁਝ ਪਵੇ।

ਗਿਆਨ ਵਿਹੂਣਾ ਕਥਿ ਕਥਿ ਲੂਝੈ ॥

ਗਿਆਨ ਤੋਂ ਖਾਲੀ ਕਥਾ ਨੂੰ ਕਥਕੇ (ਲੂਝੈ) ਝਗੜਦਾ ਹੈ।

ਨਾਨਕ ਹੁਕਮੀ ਲਿਖੀਐ ਲੇਖੁ ॥

ਸ੍ਰੀ ਗੁਰੂ ਜੀ ਆਖਦੇ ਹਨ (ਹੁਕਮੀ) ਪ੍ਰਮੇਸ਼ਵਰ ਨੇ ਕਰਮਾਂ ਦੇ ਅਨੁਸਾਰ ਲੇਖ ਲਿਖੇ ਹਨ।

ਜੇਹਾ ਵੇਖਹਿ ਤੇਹਾ ਵੇਖੁ ॥ ੧ ॥

ਹੇ ਭਾਈ ਜਿਹਾ ਤੂੰ ਸਰੀਰ ਪਰ ਦੁਖ ਸੁਖ ਵੇਖਦਾ ਹੈਂ ਤਿਵੇਂ ਹੀ ਤੂੰ ਪਿਛਲੇ ਕਰਮ ਵੇਖ ਲੈ, ਭਾਵ—ਕੀਤੇ ਹੋਏ ਕਰਮਾਂ ਦਾ ਫਲ ਤੂੰ ਭੋਗ ਰਿਹਾ ਹੈਂ। ਪ੍ਰਮਾਨ—'ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ। ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।'

—o—

ਪ੍ਰਸ਼ਨ--ਹਉਮੈ ਕਿਥੋਂ ਪੈਦਾ ਹੁੰਦੀ ਹੈ ਤੇ ਕਿਸ ਸਾਧਨ ਕਰਕੇ ਜਾਂਦੀ ਹੈ:--

ਉਤ੍ਰ—ਮਹਲਾ ੨ ॥ ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥

ਜੋ ਹਉਮੈ ਵਿਚ ਲਗ ਕੇ ਕਰਮਾਂ ਨੂੰ ਕਮਾਉਣਾ ਹੈ ਇਸ ਪ੍ਰਕਾਰ ਹਉਮੈ (ਜਾਤਿ) ਪੈਦਾ ਹੁੰਦੀ ਹੈ।

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥

ਜੋ ਮੁੜ ਮੁੜ ਕੇ ਜੂਨਾਂ ਵਿਚ ਪੈਣਾ ਹੈ ਏਹੀ ਹਉਮੈ ਦੇ ਬੰਧਨ ਹਨ।

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥

ਹਉਮੈ ਕਿਥੋਂ ਪੈਦਾ ਹੁੰਦੀ ਹੈ ਤੇ ਕਿਸ ਸਾਧਨ ਕਰਕੇ

ਇਹ ਚਲੀ ਜਾਂਦੀ ਹੈ। ਸੂਚਨਾ--ਇਸ ਪੰਗਤੀ ਨੂੰ ਪਹਿਲੋਂ ਪ੍ਰਸ਼ਨ ਵਿਚ ਕਥਨ ਕਰ ਲੈਣਾ।

ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥

ਹਉਮੈ ਵਾਲੇ ਜੀਵ ਨੂੰ ਦਰਗਾਹ ਵਿਚੋਂ ਇਹੋ ਹੁਕਮ ਹੁੰਦਾ ਹੈ ਕਿ ਆਪਣੀ ਕੀਤੀ ਅਨੁਸਾਰ ਜੂਨਾਂ ਵਿਚ ਪਿਆ ਫਿਰ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥

ਹਉਮੈ ਰੂਪੀ ਇਕ ਭਾਰੀ ਰੋਗ ਹੈ ਅਰ ਇਸ ਰੋਗ ਦੀ ਨਵਿਰਤੀ ਦਾ ਦਾਰੂ ਭੀ ਇਸੇ ਹਿਰਦੇ ਵਿਚ ਹੈ।

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥ ੨ ॥

ਸਤਿਗੁਰੂ ਅੰਗਦ ਦੇਵ ਜੀ ਆਖਦੇ ਹਨ ਕਿ ਹੇ ਪੁਰਖੋ ਸੁਣੋ ! ਜਿਸ ਪਰ ਪ੍ਰਮੇਸ਼ਵਰ ਆਪਣੀ ਕਿਰਪਾ ਕਰੇ ਤਾਂ ਉਹ ਜੀਵ ਹਿਰਦੇ ਵਿਚ ਗੁਰਾਂ ਦਾ ਸ਼ਬਦ ਕਮਾ ਲਵੇ ਤਾਂ ਇਸ ਸਾਧਨ ਨਾਲ ਹਉਮੈ ਦਾ ਦੁਖ ਚਲਾ ਜਾਂਦਾ ਹੈ। ਪ੍ਰਮਾਨ:— 'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।'

ਪਉੜੀ॥ ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥

ਜਿਨ੍ਹਾਂ ਸੰਤੋਖੀਆਂ ਨੇ ਸਚ ਨਿਸਚੇ ਕਰਕੇ ਸੱਚੇ ਪ੍ਰਭੂ ਨੂੰ ਧਿਆਇਆ ਹੈ ਤਿਨ੍ਹਾਂ ਦੀ ਸੇਵਾ ਕੀਤੀ ਹੋਈ ਸਫਲੀ ਹੈ।

ਓਨ੍ਹੀ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਓਹਨਾਂ ਨੇ ਮੰਦੇ ਰਸਤੇ ਵਲ ਪੈਰ ਨਹੀਂ ਰਖਿਆ, ਸਗੋਂ (ਸੁਕ੍ਰਿਤੁ) ਨੇਕ ਕੰਮ ਕਰਕੇ ਧਰਮ ਨੂੰ ਕਮਾਯਾ ਹੈ।

ਓਨ੍ਹੀ ਦੁਨੀਆ ਤੋੜੇ ਬੰਧਨਾ
ਅੰਨੁ ਪਾਣੀ ਥੋੜਾ ਖਾਇਆ ॥

ਓਹਨਾਂ ਨੇ ਦੁਨੀਆਂ ਦਾਰਾਂ ਦੇ ਬੰਧਨ ਤੋੜ ਦਿਤੇ ਹਨ ਅੰਨ ਪਾਣੀ ਥੋੜਾ ਖਾ ਕੇ ਭਜਨ ਕੀਤਾ ਹੈ।

ਤੂੰ ਬਖਸੀਸੀ ਅਗਲਾ
ਨਿਤ ਦੇਵਹਿ ਚੜਹਿ ਸਵਾਇਆ ॥

ਹੇ ਪ੍ਰਭੂ ਤੂੰ ਓਹਨਾਂ ਨੂੰ ਬਖਸ਼ਸ਼ਾਂ (ਅਗਲਾ) ਬਹੁਤੀਆਂ ਦੇਂਦਾ ਹੈਂ ਉਹ ਨਿਤਾ ਪ੍ਰਤੀ ਸਵਾਏ ਤੋਂ ਸਵਾਏ ਚੜ੍ਹਦੇ ਹਨ।

ਵਡਿਆਈ ਵਡਾ ਪਾਇਆ ॥੭॥

ਸੰਤੋਖੀਆਂ ਨੇ ਵਡਿਆਈ ਕਰਕੇ (ਵਡਾ) ਪ੍ਰਮੇਸ਼ੁਰ ਪਾਇਆ ਹੈ।

ਸਲੋਕੁ ਮਃ ੧ ॥

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥
ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥
ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥
ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥

ਕੋਈ ਪੁਰਸ਼ ਬੜੀ ਚਿੰਤਾ ਕਰ ਰਿਹਾ ਸੀ ਤਿਸ ਚਿੰਤਾਤੁਰ ਨੂੰ ਦੇਖਕੇ ਸ੍ਰੀ ਗੁਰੂ ਜੀ ਆਖਦੇ ਹਨ:—ਹੇ ਭਾਈ, ਮਨੁਸ਼ਾਂ ਨੂੰ, ਦਰਖਤਾਂ ਨੂੰ, ਤੀਰਥਾਂ ਦੇ ਕਿਨਾਰੇ ਜੋ ਸੰਤ ਹਨ ਬਦਲਾਂ ਦੇ ਵਿਚ ਜੋ ਸੂਖਮ ਕੀੜੇ ਹਨ, ਖੇਤਾਂ ਵਿਚ ਜੋ ਜੀਵ ਹਨ, ਟਾਪੂਆਂ ਵਿਚ ਤਥਾ ੧੪ ਲੋਕਾਂ ਵਿਚ, ਦੇਸਾਂ ਵਿਚ, ਖੰਡਾਂ ਵਿਚ ਬ੍ਰਹਮੰਡਾਂ ਵਿਚ ਜੋ ਵਸਦੇ ਹਨ, ਅੰਡਜ—ਆਂਡਿਆਂ ਤੋਂ ਪੈਦਾ ਹੋਏ, ਜੇਰਜ—ਜੇਰ ਤੋਂ ਉਤਪਤ ਹੋਏ, ਸੇਤਜ—ਮੁੜ੍ਹਕੇ ਤੋਂ ਪੈਦਾ ਹੋਈਆਂ ਜੂਆਂ ਆਦਿਕ, ਉਤਭੁਜ—ਧਰਤੀ ਪਾੜ ਕੇ ਪੈਦਾ ਹੋਏ ਦਰਖਤ ਆਦਿਕ ਚਾਰੇ ਖਾਣੀਆਂ ਵਿਚ ਜੋ ਜੀਵ ਹਨ, ਸਰੋਵਰਾਂ ਵਿਚ (ਮੇਰਾਂ) ਪਰਬਤਾਂ ਉਪਰ ਜੋ ਜੀਵ ਹਨ ਸ੍ਰੀ ਗੁਰੂ ਜੀ ਆਖਦੇ ਹਨ ਸੋ ਕਰਤਾਰ ਹੀ ਸਭ ਦੇ ਖਾਨ ਪੀਨ ਦੀ ਮਰਯਾਦਾ ਨੂੰ ਜਾਣਦਾ ਹੈ।

ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ ॥

ਸ੍ਰੀ ਗੁਰੂ ਜੀ ਆਖਦੇ ਹਨ ਪ੍ਰਮੇਸ਼੍ਵਰ ਜੀਵਾਂ ਨੂੰ ਉਤਪਤ ਕਰਕੇ ਸਭਨਾਂ ਨੂੰ ਸੰਭਾਲਦਾ ਹੈ, ਭਾਵ—ਪਾਲਨਾ ਕਰਦਾ ਹੈ।

ਜਿਨਿਕਰਤੈਕਰਣਾਕੀਆ ਚਿੰਤਾਭਿ ਕਰਣੀਤਾਹ॥

ਜਿਸ ਕਰਤੇ ਨੇ (ਕਰਣਾ) ਪ੍ਰਪੰਚ ਕੀਤਾ ਹੈ ਚਿੰਤਾ ਭੀ ਤਿਸੇ ਨੂੰ ਕਰਨੀ ਬਣਦੀ ਹੈ। ਪ੍ਰਮਾਨ—'ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸਹੀ ਹੇਇ। ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ।'

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥

ਸੋ ਕਰਤਾਰ ਆਪੇ ਚਿੰਤਾ ਪਿਆ ਕਰੇ ਜਿਸ ਨੇ ਜਗਤ

ਨੂੰ ਉਤਪਤ ਕੀਤਾ ਹੈ, ਸਾਨੂੰ ਚਿੰਤਾ ਕਰਨ ਦੀ ਕੀ ਲੋੜ ਹੈ। ਪ੍ਰਮਾਨ–"ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥"

ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ॥

ਤਿਸ ਨੂੰ (ਜੋਹਾਰੀ) ਨਮਸਕਾਰ ਹੈ ਤਿਸਦੀ ਅਰਾਧਣਾ ਕਰਕੇ (ਸੁਅਸਤਿ) ਕਲਿਆਣ ਹੁੰਦੀ ਹੈ ਅਤੇ ਤਿਸ ਦੀ (ਦੀਬਾਣੁ) ਸਭਾ (ਅਭਗੁ) ਨਾਸ ਤੋਂ ਰਹਿਤ ਹੈ।

ਨਾਨਕ ਸਚੇ ਨਾਮ ਬਿਨੁ
ਕਿਆ ਟਿਕਾ ਕਿਆ ਤਗੁ ॥੧॥

ਸ੍ਰੀ ਗੁਰੂ ਜੀ ਆਖਦੇ ਹਨ ਸਚੇ ਪ੍ਰਮੇਸ਼ੁਰ ਦੇ ਨਾਮ ਜਪੇ ਤੋਂ ਬਿਨਾਂ ਟਿੱਕਾ ਤੇ ਜਨੇਊ ਕੀ ਬਣਾ ਸਕਦੇ ਹਨ।

ਮਃ ੧ ॥ ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥ ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥ ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥

ਲਖਾਂ ਨੇਕੀਆਂ ਤੇ ਚੰਗਿਆਈਆਂ ਕਰ ਲਵੇ ਤੇ ਲਖਾਂ ਪ੍ਰਮਾਣਨੀਕ ਪੁੰਨ ਭੀ ਕਰ ਲਵੇ, ਲਖਾਂ ਵਰ੍ਹੇ ਤੀਰਥਾਂ ਉਪਰ ਬੈਠ ਕੇ ਤਪ ਭੀ ਕਰ ਲਵੇ, (ਸਹਜ) ਸ਼ਾਂਤੀ ਨਾਲ (ਬੇਬਾਣ) ਜੰਗਲ ਵਿਚ ਜੋਗ ਭੀ ਕਰ ਲਵੇ, ਲਖਾਂ ਤਰਾਂ ਦੀ ਸੂਰਮਤਾਈ

ਹੋਵੈ (ਸੰਗਰਾਮ) ਜੁਧ ਕਰਕੇ ਰਣ ਭੂਮਿਕਾ ਵਿਚ ਪ੍ਰਾਣ ਭੀ ਛਡ ਦੇਵੈ, ਵੇਦ, ਦੀਆਂ ਲਖ ਸੁਰਤੀਆਂ ਭੀ ਪੜ੍ਹ ਲਵੇ ਤੇ ਲਖਾਂ ਹੀ ਗਿਆਨ ਕਰੇ ਅਤੇ ਲੱਖਾਂ ਦੇਵਤਿਆਂ ਦਾ ਧਿਆਨ ਲਾਵੇ ੧੮ ਪੁਰਾਨ ਦੇ ਪਾਠ ਨੂੰ ਭੀ ਪੜ੍ਹ ਲਵੇ। ਪਰੰਤੂ:—

ਜਿਨਿਕਰਤੈਕਰਣਾਕੀਆਲਿਖਿਆਆਵਣਜਾਣੁ॥
ਨਾਨਕ ਮਤੀ ਮਿਥਿਆ ਕਰਮੁ ਸਚਾਨੀਸਾਣੁ॥੨॥

ਸ੍ਰੀ ਗੁਰੂ ਜੀ ਆਖਦੇ ਹਨ ਪੂਰਬੋਕਤ ਮਤੀ ਮਿਥਿਆ ਹਨ ਭਗਤੀ ਰੂਪ ਕਰਮ (ਨੀਸਾਣੁ) ਚਿਹਨ ਸੱਚਾ ਹੈ, ਜਿਸ ਕਰਤੇ ਨੇ (ਕਰਣਾ) ਪ੍ਰਪੰਚ ਕੀਤਾ ਹੈ ਤਿਸ ਨੇ ਬ੍ਰਹਮ ਗਿਆਨੀ ਤੋਂ ਬਿਨਾਂ ਹੋਰ ਸਭ ਦੇ ਮਥੇ ਤੇ ਆਵਣਾ ਜਾਣਾ ਲਿਖਿਆ ਹੈ।

ਪਉੜੀ॥ ਸਚਾ ਸਾਹਿਬੁ ਏਕੁ ਤੂੰ
ਜਿਨਿ ਸਚੋ ਸਚੁ ਵਰਤਾਇਆ॥

ਹੇ ਸਚੇ ਸਾਹਿਬ ਤੂੰ ਏਕ ਹੀ ਸੱਚਾ ਹੈਂ ਜਿਸ ਨੇ ਸਚਾ ਹੁਕਮ ਵਰਤਾਇਆ ਹੈ।

ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ
ਤਾ ਤਿਨ੍ਹੀ ਸਚੁ ਕਮਾਇਆ॥

ਜਿਸ ਨੂੰ ਤੂੰ ਸਚਾ ਨਾਮ ਦੇਂਦਾ ਹੈਂ ਤਿਸੇ ਨੂੰ ਮਿਲਦਾ ਹੈ ਤਦ ਓਹੀ ਸਚ ਕਮਾਉਂਦਾ ਹੈ।

ਸਤਿਗੁਰਿ ਮਿਲਿਐ ਸਚੁ ਪਾਇਆ
ਜਿਨ ਕੈ ਹਿਰਦੈ ਸਚੁ ਵਸਾਇਆ॥

ਜਿਨ੍ਹਾਂ ਦੇ ਹਿਰਦੇ ਵਿਚ ਸਚਾ ਉਪਦੇਸ਼ ਵਸ ਆਇਆ ਹੈ ਅਤੇ ਸਤਿਗੁਰਾਂ ਨਾਲ ਮਿਲੇ ਹਨ ਤਿਨ੍ਹਾਂ ਨੇ ਸਚੇ ਪ੍ਰਮੇਸ਼ਵਰ ਨੂੰ ਪਾਇਆ ਹੈ।

ਮੂਰਖ ਸਚੁ ਨ ਜਾਣਨੑੀ

ਮਨਮੁਖੀ ਜਨਮੁ ਗਵਾਇਆ ॥

ਮੂਰਖ ਸਚੀ ਭਗਤੀ ਕਰਨੀ ਨਹੀਂ ਜਾਣਦਾ ਤਿਸ ਮਨਮੁਖ ਨੇ ਨਿਸਫਲ ਹੀ ਜਨਮ ਗਵਾਇਆ ਹੈ।

ਵਿਚਿ ਦੁਨੀਆ ਕਾਹੇ ਆਇਆ ॥ ੮ ॥

ਉਹ ਮਨਮੁਖ ਦੁਨੀਆਂ ਵਿਚ ਕਾਹਨੂੰ ਆਇਆ। ਪ੍ਰਮਾਨ–"ਜਹਿ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੂਓ ਅਪਰਾਧੀ ॥

ਸਲੋਕੁ ਮਃ ੧ ॥

ਉਤਰਣਕਾ–ਸਤਿਗੁਰੂ ਜੀ ਆਖਦੇ ਹਨ ਗਿਆਨ ਤੋਂ ਬਿਨਾ ਭਾਵੇਂ ਕਿਤਨੀਭੀ ਵਿਦਯਾ ਪੜ੍ਹੀ ਜਾਵੇ ਬਿਅਰਥਹੈ,ਯਥਾ:–

ਪੜਿ ਪੜਿ ਗਡੀ ਲਦੀਅਹਿ

ਪੜਿ ਪੜਿ ਭਰੀਅਹਿ ਸਾਥ ॥

ਚਾਹੇ ਪੜ੍ਹ ਪੜ੍ਹ ਕੇ ਪੁਸਤਕਾਂ ਦੇ ਗਡੇ ਭਰ ਲਵੇ ਤੇ ਪੜ੍ਹ ਪੜ੍ਹ ਕੇ ਪੁਸਤਕਾਂ ਦੇ (ਸਾਥ) ਊਠ ਭੀ ਲਦ ਲਵੇ।

ਪੜਿ ਪੜਿ ਬੇੜੀ ਪਾਈਐ

ਪੜਿ ਪੜਿ ਗਡੀਅਹਿ ਖਾਤ ॥

ਅਤੇ ਪੜ੍ਹ ਪੜ੍ਹ ਕੇ ਪੁਸਤਕਾਂ ਨਾਲ ਬੇੜੀਆਂ ਭਰ ਲਵੇ ਪੜ੍ਹ ਪੜ੍ਹ ਕੇ ਪੁਸਤਕ ਜੋ ਪੁਰਾਣੇ ਹੋ ਜਾਵਣ ਤਾਂ ਖਾਤਾ ਕੱਢ ਕੇ ਵਿਚ ਦਬ ਭੀ ਦੇਵੇ।

ਪੜੀਅਹਿਜੇਤੇ ਬਰਸਬਰਸ ਪੜੀਅਹਿਜੇਤੇਮਾਸ॥

ਉਮਰ ਦੇ ਜਿਤਨੇ ਬਰਸ ਹਨ ਸਭ ਪੜ੍ਹਦਿਆਂ ਹੀ ਲੰਘਾ ਦੇਵੇ ਅਤੇ ਵਰ੍ਹਿਆਂ ਦੇ ਜਿਤਨੇ ਮਹੀਨੇ ਹਨ ਉਹ ਭੀ ਪੜ੍ਹਦਿਆਂ ਹੀ ਬਤੀਤ ਕਰੇ।

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥

ਜਿਤਨੀ ਅਵਸਥਾ ਹੈ ਪੜ੍ਹਦਾ ਹੀ ਰਹੇ ਬਾਕੀ ਜਿੰਨੇ ਸਵਾਸ ਹਨ ਸਭ ਪੜ੍ਹਦਾ ਹੀ ਰਹੇ।

ਨਾਨਕ ਲੇਖੈ ਇਕ ਗਲ
ਹੋਰ ਹਉਮੈ ਝਖਣਾ ਝਾਖ ॥੧॥

ਸ੍ਰੀ ਗੁਰੂ ਜੀ ਆਖਦੇ ਹਨ ਲੇਖੇ ਵਿਚ ਤਾਂ ਇਕ ਗਿਆਨ ਦੀ ਪ੍ਰਾਪਤੀ ਦੀ ਗੱਲ ਹੈ ਹੋਰ ਹਉਮੈ ਪੂਰਬਕ ਜੋ ਪੜ੍ਹਨਾ ਹੈ ਸੋ ਝਖਾਂ ਦਾ ਹੀ ਝਖਣਾ ਹੈ। ਪ੍ਰਮਾਨ—"ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ।'

ਮਃ ੧ ॥

ਉਤਰਣਕਾ—ਜੋ ਗਿਆਨ ਅਰ ਪ੍ਰੇਮਾ ਭਗਤੀ ਤੋਂ ਬਿਨਾਂ ਪਾਖੰਡ ਕਰਦੇ ਹਨ ਤਿਨ੍ਹਾਂ ਦਾ ਗੁਰੂ ਜੀ ਖੰਡਨ ਕਰਦੇ ਹਨ.—

ਲਿਖਿ ਲਿਖਿ ਪੜਿਆ ਤੇਤਾ ਕੜਿਆ॥

ਅਗਿਆਨੀ ਜਿਤਨਾ ਲਿਖ ਲਿਖ ਕੇ ਪੜ੍ਹਿਆ ਤਿਤਨਾਂ

(ਕੜਿਆ) ਕਰੁੱਧਤ ਹੁੰਦਾ ਹੈ।

ਬਹੁ ਤੀਰਥ ਭਵਿਆ ਤੇਤੋ ਲਵਿਆ ॥

ਅਗਿਆਨੀ ਜਿਤਨਾ ਹੀ ਬਹੁਤੇ ਤੀਰਥਾਂ ਤੇ ਫਿਰ ਆਇਆ ਓਨਾਂ ਹੀ (ਲਵਿਆ) ਬਕਵਾਸੀ ਹੋਇਆ। ਪ੍ਰਮਾਨ– 'ਤਪ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥"

ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥

ਜਿੰਨੇ ਬਹੁਤੇ ਭੇਖ ਕੀਤੇ ਓਨਾਂ ਸਰੀਰਾਂ ਨੂੰ ਦੁਖ ਹੀ ਦਿਤਾ।

ਸਹੁ ਵੇ ਜੀਆ ਅਪਣਾ ਕੀਆ ॥

ਹੇ ਜੀਵ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਸਹਾਰ।

ਅੰਨੁ ਨ ਖਾਇਆ ਸਾਦੁ ਗਵਾਇਆ ॥

ਪਾਖੰਡੀ ਨੇ ਅੰਨ ਨ ਖਾਧਾ ਜੀਭ ਦਾ ਸ੍ਵਾਦਹੀ ਗਵਾਯਾ। ਪ੍ਰਮਾਨ–'ਤਜਿਐ ਅੰਨਿ ਨ ਮਿਲੈ ਗੁਪਾਲੁ।'

ਬਹੁ ਦੁਖੁ ਪਾਇਆ ਦੂਜਾ ਭਾਇਆ ॥

ਦ੍ਵੈਤ ਭਾਵ ਵਾਲੇ ਨੇ ਬਹੁਤਾ ਦੁਖ ਪਾਇਆ ਹੈ।

ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ ॥

ਨਾਂਗਾ ਬਸਤਰ ਨਹੀਂ ਪਹਿਨਦਾ ਤੇ ਦਿਨੇ ਰਾਤੀਂ ਗਰਮੀ ਤੇ ਠੰਢ ਨਾਲ(ਕਹਰੈ)ਦੁਖ ਪਾਉਂਦਾ ਹੈ,ਪ੍ਰਮਾਨ–'ਨਗਨ ਫਿਰਤ ਜੌ ਪਾਈਐ ਜੋਗੁ ॥ ਬਨਕਾ ਮਿਰਗੁ ਮੁਕਤਿ ਸਭੁ ਹੋਗੁ ॥'

ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ ॥

ਮੋਨ ਧਾਰੀ ਅਵਿਦਿਆ ਕਰਕੇ ।ਸੁਤਾ ਹੋਯਾ (ਵਿਗੂਤਾ)

ਖਰਾਬ ਹੁੰਦਾ ਹੈ। ਗੁਰਾਂ ਤੋਂ ਬਿਨਾਂ ਕਿਵੇਂ ਜਾਗੇ, ਪ੍ਰਮਾਨ--'ਬੋਲੈ ਨਾਹੀ ਹੋਇ ਬੈਠਾ ਮੋਨੀ। ਅੰਤਰਿ ਕਲਪ ਭਵਾਈਐ ਜੋਨੀ।'

ਪਗ ਉਪੇਤਾਣਾ ਅਪਣਾ ਕੀਆ ਕਮਾਣਾ॥

ਜੋ (ਪਗ) ਪੈਰਾਂ ਤੋਂ (ਉਪੇਤਾਣਾ) ਨੰਗਾ ਰਹਿੰਦਾ ਹੈ, ਉਸਨੇ ਆਪਣਾ ਕੀਤਾ ਹੋਇਆ ਕਰਮ ਕਮਾਇਆ ਹੈ। ਭਾਵ:– ਪਿਛਲੇ ਜਨਮ ਤਿਸਨੇ ਜੁਤੀ ਦਾਨ ਨਹੀਂ ਕੀਤੀ ਹੋਵੇਗੀ।

ਅਲੁ ਮਲੁ ਖਾਈ ਸਿਰਿ ਛਾਈ ਪਾਈ॥

ਘੋਰੀ ਫਿਰਕੇ ਨੇ (ਅਲੁ ਮਲੁ) ਵਿਸ਼ਟਾ ਆਦਿਕ ਖਾਕੇ ਸਿਰ ਵਿਚ ਸੁਆਹ ਪਾ ਲੀਤੀ।

ਮੂਰਖਿ ਅੰਧੈ ਪਤਿ ਗਵਾਈ॥

ਉਸ ਮੂਰਖ ਅੰਧੇ ਨੇ ਆਪਣੀ ਹੀ ਇਜ਼ਤ ਗਵਾ ਛਡੀ।

ਵਿਣੁ ਨਾਵੈ ਕਿਛੁ ਥਾਇ ਨ ਪਾਈ॥

ਨਾਮ ਜਪੇ ਤੋਂ ਬਿਨਾਂ ਕੋਈ ਭੇਖ ਕਬੂਲ ਵਿਚ ਨਹੀਂ ਪੈਂਦਾ।

ਰਹੈ ਬੇਬਾਣੀ ਮੜੀ ਮਸਾਣੀ॥

ਜੋ ਜੰਗਲਾਂ ਤੇ ਮੜੀਆਂ ਮਸਾਣਾਂ ਵਿਚ ਰਹਿੰਦਾ ਹੈ।

ਅੰਧੁ ਨ ਜਾਣੈ ਫਿਰਿ ਪਛੁਤਾਣੀ॥

ਉਹ ਅਗਿਆਨੀ ਸਿਧਾਂਤ ਨਹੀਂ ਜਾਣਦਾ ਫਿਰ ਮਗਰੋਂ ਪਛਤਾਂਦਾ ਹੈ।

ਸਤਿਗੁਰੁ ਭੇਟੇ ਸੋ ਸੁਖੁ ਪਾਏ॥

ਹਰਿ ਕਾ ਨਾਮੁ ਮੰਨਿ ਵਸਾਏ॥

ਜੋ ਸਤਿਗੁਰਾਂ ਨਾਲ ਮਿਲ ਕੇ ਹਰੀ ਦਾ ਨਾਮ ਮਨ ਵਿਚ ਵਸਾਉਂਦੇ ਹਨ ਸੋਈ ਸੁਖ ਪਾਉਂਦੇ ਹਨ।

ਨਾਨਕ ਨਦਰਿ ਕਰੇ ਸੋ ਪਾਇ॥

ਸ੍ਰੀ ਗੁਰੂ ਜੀ ਆਖਦੇ ਹਨ ਜਿਨਾਂ ਪਰ ਕਰਤਾਰ(ਨਦਰਿ) ਕਿਰਪਾ ਕਰਦਾ ਹੈ ਸੋ ਗੁਰੂ ਪਾਉਂਦੇ ਹਨ।

ਆਸ ਅੰਦੇਸੇ ਤੇ ਨਿਹਕੇਵਲੁ
ਹਉਮੈ ਸਬਦਿ ਜਲਾਇ ॥ ੨ ॥

ਅਤੇ ਗੁਰਾਂ ਤੋਂ ਉਪਦੇਸ਼ ਲੈ ਕੇ ਹਉਮੈ ਨੂੰ ਸਾੜ ਕੇ ਆਸ ਤੇ ਅੰਦੇਸੇ ਤੋਂ (ਨਿਹਕੇਵਲ) ਰਹਿਤ ਹੋ ਜਾਂਦੇ ਹਨ ॥ ੨ ॥

ਪਉੜੀ ॥ ਭਗਤ ਤੇਰੈ ਮਨਿ ਭਾਵਦੇ
ਦਰਿ ਸੋਹਨਿ ਕੀਰਤਿ ਗਾਵਦੇ ॥

ਸੋ ਭਗਤ ਤੇਰੇ ਮਨ ਵਿਚ ਭਾਉਂਦੇ ਹਨ ਜੋ ਸਤਿਸੰਗ ਰੂਪੀ ਦਰ ਤੇ ਕੀਰਤਨ ਗਾਂਵਦੇ ਹੋਏ ਸੋਭਦੇ ਹਨ।

ਨਾਨਕ ਕਰਮਾ ਬਾਹਰੇ
ਦਰਿ ਢੋਅ ਨ ਲਹਨੀ ਧਾਵਦੇ॥

ਸ੍ਰੀ ਗੁਰੂ ਜੀ ਆਖਦੇ ਹਨ ਜੋ ਸ਼ੁਭ ਕਰਮਾਂ ਤੋਂ ਬਿਨਾਂ ਹਨ ਤੇ ਸਤਿਸੰਗ ਰੂਪਿ ਦਰ ਦਾ ਆਸਰਾ ਨਹੀਂ ਲੈਂਦੇ ਸੋ ੮੪ ਵਿਚ ਧਾਂਵਦੇ ਹਨ।

ਇਕਿ ਮੂਲੁ ਨ ਬੁਝਨਿ ਆਪਣਾ
ਅਣਹੋਦਾ ਆਪੁ ਗਣਾਇਦੇ ॥

ਇਕ ਅਜਿਹੇ ਹਨ ਜੋ ਆਪਣਾ ਮੂਢ ਨਹੀਂ ਸਮਝਦੇ ਅਤੇ ਹਣਹੋਂਦਾ ਹੀ ਆਪਣਾ ਆਪ ਗਣਾਇਦੇ ਹਨ। ਪ੍ਰਮਾਨ:--
ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥

ਹਉ ਢਾਢੀ ਕਾ ਨੀਚ ਜਾਤਿ
ਹੋਰਿ ਉਤਮ ਜਾਤਿ ਸਦਾਇਦੇ ॥

ਮੈਂ ਨੀਚ ਜਾਤੀ ਦਾ ਢਾਡੀ ਹਾਂ ਅਤੇ ਹੋਰ ਸਾਰੇ ਆਪਣੇ ਆਪ ਨੂੰ ਉਤਮ ਜਾਤੀ ਦਾ ਸਦਾਉਂਦੇ ਹਨ।

ਤਿਨ੍ਹ ਮੰਗਾ ਜਿ ਤੁਝੈ ਧਿਆਇਦੇ ॥ ੯ ॥

ਹੇ ਕਰਤਾਰ ਜੋ ਤੈਨੂੰ ਧਿਆਉਂਦੇ ਹਨ ਤਿਨਾਂ ਦਾ ਮੈਂ ਦਰਸ਼ਨ ਮੰਗਦਾ ਹਾਂ ॥ ੯ ॥

ਸਲੋਕੁ ਮਃ ੧ ॥

ਇਸ ਸਲੋਕ ਦੇ ਵਿਚ ਰਾਇ ਬੁਲਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੈਰਾਗ ਜਨਕ ਉਪਦੇਸ਼ ਅਤੇ ਸੰਸਾਰ ਨੂੰ ਝੂਠਾ ਵਰਨਣ ਕੀਤਾ ਹੈ।

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥

ਰਾਜਾ ਭੀ ਝੂਠਾ ਪਰਜਾ ਭੀ ਝੂਠੀ, ਸਾਰਾ ਸੰਸਾਰੁ ਹੀ ਝੂਠਾ ਹੈ, ਭਾਵ--ਮਿਥਿਆ ਹੈ। ਪ੍ਰਮਾਨ—ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥

ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣ ਹਾਰੁ ॥

(ਮੰਡਪ) ਵਡੇ ਅਸਥਾਨ ਭੀ ਝੂਠੇ (ਮਾੜੀ) ਅਟਾਰੀਆਂ ਭੀ ਝੂਠੀਆਂ, ਵਿਚ ਬੈਠਨੇ ਵਾਲੇ ਭੀ ਝੂਠੇ, ਭਾਵ—ਨਾਸਵੰਤ ਹਨ।

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ ॥

ਸੋਨਾ ਭੀ ਝੂਠਾ,ਚਾਂਦੀ ਭੀ ਝੂਠੀ,ਗੈਹਣਿਆਂ ਨੂੰ ਪੈਹਨਣ ਵਾਲੇ ਭੀ ਝੂਠੇ, ਭਾਵ--ਨਾਸਵੰਤ ਹਨ।

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥

ਸਰੀਰ ਭੀ ਝੂਠਾ ਕਪੜੇ ਭੀ ਝੂਠੇ (ਅਪਾਰ) ਸੁੰਦਰ ਰੂਪ ਭੀ ਝੂਠਾ ਭਾਵ ਨਾਸਵੰਤ ਹੈ।

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥

ਮੀਆਂ ਭੀ ਝੂਠਾ, ਬੀਵੀ ਭੀ ਝੂਠੀ, ਮਨਮੁਖ ਪਦਾਰਥਾਂ ਵਿਚ ਖਪ ਕੇ (ਖਾਰੁ) ਦੁਖੀ ਹੋ ਰਹੇ ਹਨ।

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥

ਝੂਠਿਆਂ ਪੁਰਸ਼ਾਂ ਦਾ ਝੂਠੇ ਪਦਾਰਥਾਂ ਨਾਲ ਪਿਆਰ ਲਗਾ ਹੈ ਤੇ ਕਰਤਾਰ ਵਿਸਰ ਗਿਆ ਹੈ। ਪ੍ਰਮਾਨ--"ਦਾਤਿ ਪਿਆਰੀ ਵਿਸਰਿਆ ਦਾਤਾਰਾ।"

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥

ਸਾਰਾ ਜਗਤ ਚਲਨੇ ਵਾਲਾ ਹੈ ਕਿਸ ਨਾਲ ਮਿੱਤ੍ਰਤਾਈ ਕਰੀਏ।

ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥

ਮਿੱਠਾ ਭੀ ਝੂਠਾ, ਤਥਾ ਸ਼ਹਿਤ ਭੀ ਝੂਠਾ, ਝੂਠ ਨੇ ਹੀ ਪੂਰਾਂ ਦੇ ਪੂਰ ਡੋਬੇ ਹਨ।

ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥

ਸ੍ਰੀ ਗੁਰੂ ਜੀ ਬੇਨਤੀ ਕਰਦੇ ਹਨ, ਹੇ ਕਰਤਾਰ ਤੇਰੇ ਨਾਮ ਤੋਂ ਬਿਨਾਂ ਸਭ ਝੂਠ ਹੀ ਝੂਠ ਹੈ।

—o—

ਪ੍ਰਸ਼ਨ—ਰਾਇ ਬੁਲਾਰ ਨੇ ਕਿਹਾ ਕਿ ਇਹ ਜੀਵ ਸਚੇ ਪ੍ਰਮਾਤਮਾ ਨੂੰ ਕੈਸੇ ਜਾਣਦਾ ਹੈ:—

ਉੱਤਰ—

ਮਃ ੧ ॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥

(ਪਰੁ) ਭਲੀ ਪਰਕਾਰ ਸਚਾ ਕਰਤਾਰ ਤਦ ਜਾਣਿਆਂ ਜਾਂਦਾ ਹੈ ਜਦ ਰਿਦੇ ਵਿਚ ਸਚਾ ਨਾਮ ਹੋਵੇ।

ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥

ਨਾਮ ਜਪਨ ਕਰਕੇ ਝੂਠ ਦੀ ਮੈਲ ਉਤਰ ਜਾਂਦੀ ਹੈ ਤਨ ਨੂੰ ਧੋ ਕੇ ਹਛਾ ਕਰ ਦੇਂਦਾ ਹੈ। ਪ੍ਰਮਾਨ—ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥

(ਪਰੁ) ਭਲੀ ਪ੍ਰਕਾਰ ਸਚਾ ਤਾਂ ਜਾਣੀਦਾ ਹੈ ਜਾਂ ਸਚਾ ਪ੍ਰੇਮ ਧਾਰੇ

ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥

ਜੇਕਰ ਪ੍ਰੇਮ ਸਹਿਤ ਨਾਮ ਸੁਣੇ ਮਨ ਵਿਚ (ਰਹਸੀਐ) ਪ੍ਰਸੰਨ ਹੋਵੇ ਤਦ (ਮੋਖ ਦੁਆਰੁ) ਗਿਆਨ ਪਾਈਦਾ ਹੈ।

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥

ਭਲੀ ਪ੍ਰਕਾਰ ਸਚਾ ਤਾਂ ਜਾਣੀਦਾ ਹੈ ਜਦ ਇਹ ਜੀਵ ਈਸ਼ਵਰ ਵਿਚ ਜੁੜਨੇ ਦੀ ਜੁਗਤੀ ਨੂੰ ਜਾਣ ਲਵੇ।

ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥

(ਕਾਇਆ) ਬੁਧੀ ਰੂਪੀ ਧਰਤੀ ਨੂੰ ਸੋਧ ਕੇ ਵਿਚ ਕਰਤੇ ਦਾ ਨਾਮ ਰੂਪੀ ਬੀਜ ਦੇਵੇ।

ਸਚੁ ਤਾ ਪਰੁ ਜਾਣੀਐ ਜਾਂ ਸਿਖ ਸਚੀ ਲੇਇ॥

ਭਲੀ ਪ੍ਰਕਾਰ ਸਚਾ ਤਦ ਜਾਣੀਦਾ ਹੈ ਜਾਂ ਸਚੀ ਸਿਖਿਆ ਲਵੇ।

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥

ਜੀਵਾਂ ਦੇ ਉਪਰ ਦਇਆ ਕਰਨੀ ਜਾਣੇ ਕੁਝ ਦਾਨ ਪੁੰਨ ਭੀ ਕਰੇ। ਪ੍ਰਮਾਨ—ਮਨ ਇਛਾ ਦਾਨ ਕਰਣੰ ਸਰਬਤ੍ਰ ਆਸਾ ਪੂਰਨਹ ॥

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥

ਭਲੀ ਪ੍ਰਕਾਰ ਸਚਾ ਤਦ ਜਾਣੀਦਾ ਹੈ ਜਦ ਆਤਮਾ ਰੂਪ ਤੀਰਥ ਵਿਚ ਨਿਵਾਸ ਕਰੇ।

ਸਤਿਗੁਰੂ ਨੋ ਪੁਛਿਕੈ ਬਹਿ ਰਹੈ ਕਰੇ ਨਿਵਾਸੁ॥

ਅਪਨੇ ਸਤਿਗੁਰਾਂ ਨੂੰ ਪੁਛ ਕੇ ਅਜੇਹਾ ਬਹਿ ਰਹੇ ਕਿ ਉਸਦੇ ਵਿਚ ਹੀ ਨਿਵਾਸ ਕਰ ਲਵੇ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

ਸਚੇ ਦਾ ਨਾਮ ਸਭਨਾਂ ਰੋਗਾਂ ਦੀ ਨਵਿਰਤੀ ਦਾ ਦਾਰੂ ਹੈ, ਪਾਪਾਂ ਨੂੰ ਧੋ ਕੇ ਕਢ ਦੇਂਦਾ ਹੈ।

ਨਾਨਕੁ ਵਖਾਣੈ ਬੇਨਤੀ

ਜਿਨ ਸਚੁ ਪਲੈ ਹੋਇ ॥੨॥

ਸ੍ਰੀ ਗੁਰੂ ਜੀ ਬੇਨਤੀ ਵਖਾਣਦੇ ਹਨ ਜਿਨਾਂ ਦੇ ਬੁਧੀ ਰੂਪੀ ਪਲੇ ਵਿਚ ਸਚਾ ਨਾਮ ਹੈ ਸੋ ਸਚੇ ਕਰਤਾਰ ਨੂੰ ਜਾਣ ਲੈਂਦੇ ਹਨ ॥ ੨ ॥

ਪਉੜੀ॥ ਦਾਨੁ ਮਹਿੰਡਾ ਤਲੀ ਖਾਕੁ
ਜੇ ਮਿਲੈ ਤ ਮਸਤਕਿ ਲਾਈਐ॥

ਹੇ ਰਾਏ ਬੁਲਾਰ ਪ੍ਰਮੇਸ਼੍ਵਰ ਅਗੇ ਬੇਨਤੀ ਕਰੋ ਕਿ ਹੇ ਪ੍ਰਮੇਸ਼ਵਰ ਜੇਕਰ ਮੈਨੂੰ ਮਹਾਤਮਾਂ ਦੇ ਚਰਨਾਂ ਦੀਆਂ ਤਲੀਆਂ ਦੀ ਧੂੜੀਦਾ ਦਾਨ ਮਿਲੇ ਤਾਂ ਹਮ ਮਸਤਕ ਪਰ ਲਾਈਏ।

ਕੂੜਾ ਲਾਲਚੁ ਛਡੀਐ
ਹੋਇ ਇਕ ਮਨਿ ਅਲਖੁ ਧਿਆਈਐ॥

ਝੂਠਿਆਂ ਪਦਾਰਥਾਂ ਦੇ ਲਾਲਚ ਨੂੰ ਛਡ ਕੇ ਇਕਾਗਰ ਮਨ ਹੋਇਕੇ (ਅਲਖ) ਕਰਤਾਰ ਦੇ ਨਾਮੁ ਨੂੰ ਧਿਆਈਏ।

ਫਲੁ ਤੇਵੇਹੋ ਪਾਈਐ
ਜੇਵੇਹੀ ਕਾਰ ਕਮਾਈਐ॥

ਜਿਹੋ ਜਿਹੇ ਕਰਮ ਕਮਾਈਦੇ ਹਨ ਤਿਹੋ ਜਿਹਾ ਹੀ ਫਲ ਪਾਈਦਾ ਹੈ। ਪ੍ਰਮਾਨ—ਆਪੇ ਬੀਜੁ ਆਪੇ ਹੀ ਖਾਹੁ॥

ਜੇ ਹੋਵੈ ਪੂਰਬਿ ਲਿਖਿਆ
ਤਾ ਧੂੜਿ ਤਿਨਾ ਦੀ ਪਾਈਐ॥

ਜੇਕਰ ਪੂਰਬਲਾ ਲੇਖ ਲਿਖਿਆ ਹੋਵੇ ਤਦ ਤਿਨ੍ਹਾਂ ਮਹਾਤਮਾਂ ਦੀ ਚਰਨ ਧੂੜੀ ਪਾਈਦੀ ਹੈ।

ਮਤਿ ਥੋੜੀ ਸੇਵ ਗਵਾਈਐ॥ ੧੦॥

ਅਤੇ ਥੋੜੀ ਮਤਿ ਵਾਲਾ ਸੇਵਾ ਕੀਤੀ ਹੋਈ ਨੂੰ ਗਵਾ ਲੈਂਦਾ ਹੈ, ਭਾਵ—ਸੰਤਾਂ ਦੇ ਬਚਨਾਂ ਦਾ ਤਿਆਗ ਕਰ ਦੇਂਦਾ ਹੈ।

ਸਲੋਕੁ ਮਃ ੧ ॥

ਉਥਾਨਕਾ-ਫਿਰ ਪੁਛਣ ਸਿਧ ਨਾਨਕਾ ਮਾਤ ਲੋਕ ਵਿਚ ਕਿਆ ਵਰਤਾਰਾ। ਉੱਤ੍ਰ-

ਸਚਿਕਾਲੁਕੂੜੁ ਵਰਤਿਆਕਲਿਕਾਲਖ ਬੇਤਾਲ ॥

ਹੇ ਸਿਧੋ ਕਲਿਜੁਗ ਵਿਚ ਸਚ ਦਾ ਕਾਲ ਪੈ ਗਿਆ ਹੈ ਤੇ ਝੂਠ ਚਾਰ ਚੁਫੇਰੇ ਵਰਤ ਰਿਹਾ ਹੈ ਜੀਵ ਪਾਪਾਂ ਰੂਪੀ ਕਾਲਖ ਨਾਲ [ਬੇਤਾਲ] ਭੂਤਨੇ ਹੋ ਰਹੇ ਹਨ।

ਬੀਉਬੀਜਿਪਤਿਲੈਗਏਅਬਕਿਉ ਉਗਵੈਦਾਲਿ॥

ਸਤਿਜੁਗ ਦੇ ਕਰਮਾਂ ਰੂਪੀ ਬੀਜ ਬੀਜਣ ਵਾਲੇ ਪਤ ਲੈ ਗਏ ਹਨ ਹੁਣ ਦਾਲ ਵਰਗੇ ਹੋ ਚੁਕੇ ਕਰਮ ਕਿਵੇਂ ਉਗ ਸਕਦੇ ਹਨ, ਭਾਵ—ਓਨਾਂ ਧਨ ਨਹੀਂ ਹੈ, ਨਾਂ ਹੀ ਓਹ ਰਿਖੀ ਹਨ।

ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥

ਜੇ ਇਕ ਸਾਬਤ ਦਾਣਾ ਹੋਵੇ ਅਤੇ ਰੁਤਾਂ ਵਿਚੋਂ ਸ੍ਰੇਸ਼ਟ ਰੁਤ ਹੋਵੇ ਤਾਂ [ਉਗਵੈ] ਫਲ ਦੇਵੇ।

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥

ਸ੍ਰੀ ਗੁਰੂ ਜੀ ਆਖਦੇ ਹਨ [ਪਾਹੈ] ਲਾਗ ਤੋਂ ਬਿਨਾਂ ਕੋਰੇ ਬਸਤ੍ਰ ਤੇ ਚੜਿਆ ਰੰਗ ਨਹੀਂ ਸੋਭਦਾ।

ਪ੍ਰਸ਼ਨ—ਸਿਧਾਂ ਨੇ ਕਿਹਾ ਮਨ ਨੂੰ ਰੰਗ ਕਿਵੇਂ ਚੜ੍ਹਦਾ ਹੈ। ਉੱਤਰ—

ਭੈ ਵਿਚਿਖੰਬਿ ਚੜਾਈਐਸਰਮੁ ਪਾਹੁਤਨਿਹੋਇ॥

ਅਤੇ ਸਰੀਰ ਨੂੰ [ਸਰਮੁ] ਵੈਰਾਗ ਦੀ [ਪਾਹੁ] ਲਾਗ ਹੋਵੇ, ਮਨ ਵਿਚ ਕਰਤਾਰ ਦਾ ਭੈ ਧਾਰਨਾ ਖੁੰਬ ਚੜ੍ਹਾਈਏ।

ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥

ਸ੍ਰੀ ਗੁਰੂ ਜੀ ਆਖਦੇ ਹਨ ਜੇ ਕਰ ਮਨ ਰੂਪੀ ਬਸਤਰ ਭਗਤੀ ਵਿਚ ਰੰਗਿਆ ਜਾਵੇ ਤਾਂ ਕੋਈ ਭੀ ਝੂਠ ਦੀ ਸੋਇ ਨਹੀਂ ਹੁੰਦੀ।

ਮਃ ੧ ॥ ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥

ਹੇ ਸਿਧੋ ਮਾਤ ਲੋਕ ਵਿਚ ਲਬੁ ਤੇ ਪਾਪ ਦੋਵੇਂ ਰਾਜਾ ਹਨ ਤੇ ਮਹਤਾ ਵਜੀਰ ਹੈ ਅਤੇ ਝੂਠ ਸਰਦਾਰ ਬਨਿਆਂ ਹੋਇਆ ਹੈ।

ਕਾਮੁ ਨੇਬੁ ਸਦ ਪੁਛੀਐ ਬਹਿ ਬਹਿ ਕਰੇ ਬੀਚਾਰੁ ॥

ਕਾਮੁ [ਨੇਬੁ] ਚੋਬਦਾਰ ਹੈ ਇਹ ਸਾਰੇ ਇਕ ਦੂਜੇ ਨੂੰ ਬੁਲਾ ਕੇ ਪੁਛਦੇ ਹਨ ਅਤੇ ਬਹਿ ਬਹਿ ਕੇ ਵਿਚਾਰ ਕਰਦੇ ਹਨ। ਜੋ ਧਰਮ ਕਿਸਤਰਾਂ ਨਾਸ ਕਰੀਏ।

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ

ਅੰਧੀ ਪਰਜਾ ਗਿਆਨ ਤੋਂ ਖਾਲੀ ਹੈ ਤ੍ਰਿਸ਼ਨਾ ਰੂਪੀ ਅਗਨੀ ਦੇ ਭਰੇ ਹੋਏ [ਮੁਰਦਾਰ] ਹਕ ਪਰਾਇਆ ਖਾਂਦੇ ਹਨ।

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ

[ਗਿਆਨੀ] ਰਾਸ ਧਾਰੀਏ ਸ਼ਿੰਗਾਰ ਕਰਕੇ ਸੋਹਣਾ ਰੂਪ ਬਨਾ ਕੇ ਵਾਜੇ ਵਜਾ ਕੇ ਨਚਦੇ ਹਨ।

ਉਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥

ਅਤੇ ਸੂਰਮਿਆਂ ਦੀ ਵਿਚਾਰ ਝਗੜੇ ਵਾਲੇ ਉਚੀ ਕੂਕ ਕੇ ਗਾਂਵਦੇ ਹਨ।

ਮੂਰਖਪੰਡਿਤ ਹਿਕਮਤਿਹੁਜਤਿਸੰਜੈਕਰਹਿਪਿਆਰੁ

ਪੰਡਤ ਮੂਰਖ ਹਨ ਤੇ ਹਿਕਮਤ ਕਰਨ ਵਾਲੇ ਹੁਜਤੀਹਨ ਅਤੇ ਧਨ ਨੂੰ (ਸੰਜੇ) ਇਕੱਠੇ ਕਰਨ ਲਈ ਪਿਆਰ ਕਰਦੇ ਹਨ।

ਧਰਮੀ ਧਰਮੁ ਕਰਹਿ ਗਾਵਾਵਹਿ
ਮੰਗਹਿ ਮੋਖ ਦੁਆਰੁ ॥

ਧਰਮੀ ਹੰਕਾਰ ਕਰਕੇ ਧਰਮ ਨੂੰ ਗਵਾ ਛੱਡਦੇ ਹਨ ਤੇ ਫੇਰ (ਮੋਖ ਦੁਆਰੁ) ਗਿਆਨ ਨੂੰ ਮੰਗਨਾਂ ਕਰਦੇ ਹਨ।

ਜਤੀ ਸਦਾਵਹਿ ਜੁਗਤਿ ਨ ਜਾਣਹਿ
ਛਡਿ ਬਹਹਿ ਘਰ ਬਾਰੁ ॥

ਕਈ ਆਪਣੇ ਆਪ ਨੂੰ ਜਤੀ ਸਦਾਉਂਦੇ ਹਨ ਪਰ ਜਤਿੰਦਰੇ ਰਹਿਣ ਦੀ ਜੁਗਤੀ ਨਹੀਂ ਜਾਣਦੇ ਘਰ ਨੂੰ ਛੱਡ ਕੇ ਬਾਹਰ ਜਾ ਬਹਿੰਦੇ ਹਨ। ਪ੍ਰਮਾਨ–

ਰੇ ਮਨ ਐਸੋ ਕਰਿ ਸੰਨਿਆਸਾ ॥ ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥

ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥

ਸਭ ਕੋਈ ਆਪੇ ਹੀ ਪੂਰਾ ਹੁੰਦਾ ਹੈ ਆਪ ਨੂੰ ਘਟ ਕੋਈ ਨਹੀਂ ਅਖੌਂਦਾ।

ਪਤਿ ਪਰਵਾਣਾ ਪਿਛੈ ਪਾਈਐ
ਤਾ ਨਾਨਕ ਤੋਲਿਆ ਜਾਪੈ ।੨।

ਸ੍ਰੀ ਗੁਰੂ ਜੀ ਆਖਦੇ ਹਨ ਇੱਜ਼ਤ ਦਾ (ਪਰਵਾਣਾ) ਵਟਾ ਪਿਛੇ ਪਾਕੇ ਤੋਲਿਆ ਜਾਵੇ ਤਾਂ (ਜਾਪੈ) ਜਾਣਿਆ ਜਾਵੇ ਜੋ ਕੌਣ ਪੂਰਾ ਹੈ ਤੇ ਕੌਣ ਘਟ ਹੈ।

ਮ: ੧ ॥ਵਦੀਸੁਵਜ਼ਗਿਨਾਨਕਾ ਸਚਾਵੇਖੈਸੋਇ ॥

ਸ੍ਰੀ ਗੁਰੂ ਜੀ ਆਖਦੇ ਹਨ ਸੋ ਸੱਚਾ ਕਰਤਾਰ ਸਭ ਕੁਝ ਦੇਖ ਰਿਹਾ ਹੈ (ਵਦੀ) ਬੁਰੀ ਕੀਤੀ ਹੋਈ (ਸੁਵਜਗਿ) ਪ੍ਰਗਟ ਹੋ ਜਾਂਦੀ ਹੈ।

ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥

ਸਾਰਿਆਂ ਨੇ ਕਰਮਾਂ ਰੂਪੀ ਛਾਲਾਂ ਮਾਰੀਆਂ ਹਨ ਪਰ ਜੋ ਕਰਤਾਰ ਨੇ ਕਰਨਾ ਹੈ ਸੋਈ ਹੋਣਾ ਹੈ।

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥

ਅਗੇ ਨਾ ਜਾਤ ਦਾ ਲਿਹਾਜ਼ ਹੈ ਨਾਂ ਹੀ ਜ਼ੋਰ ਚਲ ਸਕਦਾ ਹੈ ਕਿਉਂਕਿ ਅਗੇ ਜੀਵ ਨਵੇਂ ਹਨ ਭਾਵ--ਜਮਦੂਤ ਲਿਹਾਜ਼ ਨਹੀਂ ਕਰਦੇ।

ਜਿਨ੍ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ ੩ ॥

ਜਿਨ੍ਹਾਂ ਦੀ ਪਤ ਲੇਖੇ ਵਿਚ ਪਵੇਗੀ ਸੋ ਕੋਈ ੨ ਚੰਗੇ ਹਨ॥੩॥

ਪਉੜੀ॥ ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ
ਤਾ ਤਿਨੀ ਖਸਮੁ ਧਿਆਇਆ ॥

ਹੇ ਖਸਮ ਜਿਨ੍ਹਾਂ ਨੂੰ ਤੂੰ ਧੁਰੋਂ ਹੀ ਸੁਕਰਮ ਲਿਖ ਕੇ ਪਾਇਆ ਹੈ ਤਿਨ੍ਹਾਂ ਨੇ ਹੀ ਤੇਰੇ ਨਾਮ ਨੂੰ ਧਿਆਇਆ ਹੈ।

ਏਨਾ ਜੰਤਾ ਕੈ ਵਸਿ ਕਿਛੁ ਨਾਹੀ

ਤੁਧੁ ਵੇਕੀ ਜਗਤੁ ਉਪਾਇਆ ॥

ਇਹਨਾਂ ਜੀਵਾਂ ਦੇ ਵਸ ਕੁਛ ਨਹੀਂ ਤੂੰ ਜਗਤ ਵਿਚ ਜੀਵਾਂ ਨੂੰ [ਵੇਕੀ] ਭਿੰਨ ਭਿੰਨ ਉਤਪੰਨ ਕੀਤਾ ਹੈ।

ਇਕਨ੍ਹਾ ਨੋ ਤੂੰ ਮੇਲਿ ਲੈਹਿ

ਇਕਿ ਆਪਹੁ ਤੁਧੁ ਖੁਆਇਆ॥

ਇਕਨਾਂ ਗੁਰਮੁਖਾਂ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ ਇਕਨਾਂ ਮਨਮੁਖਾਂ ਨੂੰ ਆਪਣੇ ਸਰੂਪ ਵਲੋਂ ਤੂੰ [ਖੁਆਇਆ] ਭੁਲਾਇਆ ਹੋਇਆ ਹੈ।

ਗੁਰ ਕਿਰਪਾ ਤੇ ਜਾਣਿਆ

ਜਿਥੈ ਤੁਧੁ ਆਪੁ ਬੁਝਾਇਆ ॥

ਸਹਜੇ ਹੀ ਸਚਿ ਸਮਾਇਆ॥੧੧॥

ਗੁਰਾਂ ਦੀ ਕ੍ਰਿਪਾ ਨਾਲ ਜਾਣਿਆਂ ਜਾਂਦਾ ਹੈ ਅਤੇ ਜਿਸ ਨੂੰ ਤੂੰ ਆਪਣਾ ਆਤਮ ਗਿਆਨ [ਬੁਝਾਇਆ] ਸਮਝਾਇਆ ਹੈ ਉਹ ਸੁਭਾਵਕ ਹੀ ਸਚ ਵਿਚ ਸਮਾਇਆ ਹੈ ॥ ੧੧ ॥

ਸਲੋਕ ਮਃ ੧ ॥ ਦੁਖੁ ਦਾਰੂ ਸੁਖੁ ਰੋਗੁ ਭਇਆ

ਜਾ ਸੁਖੁ ਤਾਮਿ ਨ ਹੋਈ ॥

ਵਿਸ਼ੇ ਦਾ ਸੁਖ ਰੋਗ ਹੁੰਦਾ ਹੈ, ਜਪ ਤਪ ਦਾ ਦੁਖ ਦਾਰੂ

ਹੁੰਦਾ ਹੈ। ਜਦ ਤਕ ਵਿਸ਼ਿਆਂ ਦੇ ਸੁਖ ਵਿਚ ਲਗਾ ਰਹਿੰਦਾ ਹੈ ਤਦ ਤਕ ਜਪ ਤਪ ਰੂਪੀ ਦਾਰੂ ਦੀ (ਤਾਮਿ) ਇਛਾ ਨਹੀਂ ਹੁੰਦੀ।

ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥

ਹੇ ਕਰਤਾ ਤੂੰ ਸਭ ਕੁਛ ਕਰਨੇ ਜੋਗ ਹੈਂ ਮੈਂ ਕੁਛ ਨਹੀਂ ਕਰ ਸਕਦਾ ਜੇ ਮੈਂ ਕੁਛ ਕਰਨਾ ਚਾਹਵਾਂ ਤਾਂ ਪ੍ਰਤੰਤ੍ਰ ਹੋਣ ਕਰਕੇ ਨਹੀਂ ਹੋ ਸਕਦਾ।

ਬਲਿਹਾਰੀ ਕੁਦਰਤਿ ਵਸਿਆ
ਤੇਰਾ ਅੰਤੁ ਨ ਜਾਈ ਲਖਿਆ ॥ ੧ ॥ ਰਹਾਉ ॥

ਤੂੰ ਕੁਦਰਤਿ ਵਿਚ ਵਸਿਆ ਹੋਇਆ ਹੈਂ, ਤੇਰਾ ਅੰਤ ਜਾਣਿਆ ਨਹੀਂ ਜਾਂਦਾ ਤਾਂ ਤੇ ਮੈਂ ਬਲਿਹਾਰ ਹੀ ਜਾਂਦਾ ਹਾਂ ॥੧

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ
ਅਕਲ ਕਲਾ ਭਰਪੂਰਿ ਰਹਿਆ॥

(ਜਾਤਿ) ਜਗਤ ਵਿਚ ਤੇਰੀ ਜੋਤਿ ਹੈ ਅਤੇ ਤੇਰੀ ਜੋਤੀ ਵਿਚ (ਜਾਤਾ) ਸ੍ਰਿਸ਼ਟੀ ਹੈ, ਤੂੰ ਕਲਾ ਤੋਂ ਅਕੱਲ ਹੈਂ ਤੇ ਸਾਰਿਆਂ ਵਿਚ ਪੂਰਨ ਹੋ ਰਿਹਾ ਹੈਂ।

ਤੂੰ ਸਚਾ ਸਾਹਿਬ ਸਿਫਤਿ ਸੁਆਲਿਉ
ਜਿਨਿ ਕੀਤੀ ਸੋ ਪਾਰਿ ਪਇਆ ॥

ਤੂੰ ਸਚਾ ਸਾਹਿਬ ਹੈਂ ਤੇਰੀ ਸਿਫਤਿ ਭੀ (ਸੁਆਲਿਉ) ਸੁੰਦਰ ਹੈ, ਜਿਨਾਂ ਨੇ ਸਿਫਤਿ ਕੀਤੀ ਹੈ ਸੋ ਸੰਸਾਰ ਸਮੁੰਦਰ ਤੋਂ ਪਾਰ ਹੋਇ ਹਨ।

ਕਹੁ ਨਾਨਕ ਕਰਤੇ ਕੀਆ ਬਾਤਾ
ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

ਸ੍ਰੀ ਗੁਰੂ ਜੀ ਆਖਦੇ ਹਨ ਕਰਤੇ ਦੀਆਂ ਬਾਤਾਂ ਕਰਤਾ ਹੀ ਜਾਨੇ ਜੋ ਕੁਛ ਉਸ ਨੇ ਕਰਨਾ ਹੈ ਸੋ ਕਰ ਰਿਹਾ ਹੈ ॥੨॥

ਮਃ ੨ ॥ ਜੋਗ ਸਬਦੰ ਗਿਆਨ ਸਬਦੰ
ਬੇਦ ਸਬਦੰ ਬ੍ਰਾਹਮਣਹ ॥

ਗਿਆਨ ਦਾ [ਸਬਦੰ] ਉਪਦੇਸ਼ ਦੇਣਾ ਜੋਗੀਆਂ ਦਾ [ਸਬਦੰ] ਧਰਮ ਹੈ, ਬੇਦ ਦਾ ਪੜ੍ਹਨਾ ਤੇ ਪੜ੍ਹਾਉਣਾ ਬ੍ਰਹਮਣ ਦਾ [ਸਬਦੰ] ਧਰਮ ਹੈ।

ਖਤ੍ਰੀ ਸਬਦੰਸੂਰ ਸਬਦੰ ਸੂਦ੍ਰਸਬਦੰਪਰਾਕ੍ਰਿਤਹ॥

ਸੂਰਮਤਾਈ ਦਾ [ਸਬਦੰ] ਉਪਦੇਸ਼ ਦੇਣਾ ਖਤ੍ਰੀ ਦਾ [ਸਬਦੰ] ਧਰਮ ਹੈ, ਪਰਾਈ ਕਿਰਤ ਕਰਨੀ ਸ਼ੂਦਰ ਦਾ ਧਰਮ ਹੈ। ਅਤੇ ਗਊ ਬ੍ਰਾਹਮਣ ਸਾਧ ਸੰਤ ਅਭਯਾਗਤ ਦੀ ਸੇਵਾਕਰਨੀ ਅਤੇ ਵਣਜ ਵਪਾਰ ਖੇਤੀ ਬਾੜੀ ਕਰਨੀ ਵੈਸ਼ ਦਾ ਧਰਮ ਹੈ।

ਸਰਬ ਸਬਦੰ ਏਕ ਸਬਦੰ ਜੇਕੋ ਜਾਣੈ ਭੇਉ॥

ਏਕ [ਸਬਦੰ] ਬ੍ਰਹਮ ਦਾ ਚਿੰਤਨ ਕਰਨਾ ਸਰਬ ਦਾ [ਸਬਦੰ]ਧਰਮ ਹੈ, ਜੇਹੜਾ ਕੋਈ ਇਸ ਭੇਦ ਨੂੰ ਜਾਣਦਾ ਹੈ ਭਾਵ–ਆਪਣੇ ਧਰਮ ਤੇ ਅਟੱਲ ਹੈ ਅਤੇ ਬ੍ਰਹਮ ਦਾ ਚਿੰਤਨ ਕਰਦਾਹੈ।

ਨਾਨਕੁ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ॥

ਸਤਿਗੁਰੂ ਜੀ ਆਖਦੇ ਹਨ ਤਿਨਾਂ ਦਾ ਮੈਂ ਦਾਸ ਹਾਂ ਸੋ ਨਿਰੰਜਨ ਦੇਵ ਦਾ ਸਰੂਪ ਹਨ।

ਮਃ ੨ ॥

ਏਕ ਕ੍ਰਿਸਨੰ ਸਰਬ ਦੇਵਾ ਦੇਵਦੇਵਾਤ ਆਤਮਾ ॥

(ਏਕ ਕ੍ਰਿਸਨੰ ਦੇਵਾ) ਇਕ ਅਦੁਤੀ ਪ੍ਰਮਾਤਮਾ ਸਰਬ ਦੇਵਤਿਆਂ ਦਾ ਦੇਵ ਸੋ ਆਤਮਾ ਸਰੂਪ ਹੈ।

ਆਤਮਾ ਬਾਸੁ ਦੇਵਸਿ੍ ਜੇ ਕੋ ਜਾਣੈ ਭੇਉ ॥

ਅਤੇ ਸੋ ਆਤਮਾ ਵਾਸਦੇਵ ਦਾ ਸਰੂਪ ਹੈ ਜੇਹੜਾ ਕੋਈ ਇਸ ਭੇਦ ਨੂੰ ਜਾਣਦਾ ਹੈ।

ਨਾਨਕੁ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪

ਸਤਿਗੁਰੂ ਜੀ ਆਖਦੇ ਹਨ ਤਿਸ ਦਾ ਮੈਂ ਦਾਸ ਹਾਂ ਸੋ ਨਿਰੰਜਨ ਦੇਵ ਦਾ ਸਰੂਪ ਹੋਣ ਕਰਕੇ ॥ ੪ ॥

ਮਃ ੧ ॥

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥

ਜੈਸੇ (ਕੁੰਭੇ) ਘੜੇ ਦਾ ਬਧਾ ਹੋਇਆ ਹੀ ਜਲ ਰਹਿੰਦਾ ਹੈ, ਜਲ ਦੇ ਬਿਨਾਂ ਘੜਾ ਨਹੀਂ ਬਣ ਸਕਦਾ।

ਗਿਆਨ ਕਾ ਬਧਾ ਮਨ ਰਹੈ
ਗੁਰ ਬਿਨੁ ਗਿਆਨੁ ਨ ਹੋਇ ॥ ੫ ॥

ਤੈਸੇ ਹੀ ਗਿਆਨ ਕਰਕੇ ਬਧਾ ਹੋਇਆ ਮਨ ਅਸਥਿਤ ਰਹਿੰਦਾਹੈ(ਗੁਰ)ਸੁਧਮਨ ਤੋਂ ਬਿਨਾਂ ਗਿਆਨ ਨਹੀਂ ਹੋ ਸਕਦਾ॥੫

ਪਉੜੀ ॥ ਪੜਿਆ ਹੋਵੈ ਗੁਨਹਗਾਰੁ
ਤਾ ਓਮੀ ਸਾਧੁ ਨ ਮਾਰੀਐ ॥

ਜੇ ਪੜਿਆ ਹੋਇਆ ਪਾਪੀ ਹੋਵੇ ਤਾਂ ਉਸਦੀ ਥਾਂ(ਓਮੀ) ਅਨਪੜ੍ਹਿਆ ਸਾਧੂ ਨਹੀਂ ਮਾਰਿਆ ਜਾਂਦਾ।

ਜੇਹਾ ਘਾਲੇ ਘਾਲਣਾ ਤੇ ਵੇਹੋ ਨਾਉ ਪਚਾਰੀਐ ॥

ਜਿਹੀ (ਘਾਲਣਾ) ਕਮਾਈ (ਘਾਲੇ) ਕਰੇ ਤਿਹਾ ਹੀ ਨਾਉਂ ਪੈ ਜਾਂਦਾ ਹੈ। ਪ੍ਰਮਾਨ—ਕਰਮੁ ਦੇਵਤਾ ਨਾਮ ਕਹਾਵੈ।

ਐਸੀ ਕਲਾ ਨ ਖੇਡੀਐ
ਜਿਤੁ ਦਰਗਹ ਗਇਆ ਹਾਰੀਐ ॥

ਤਾਂਤੇ ਅਜਿਹੀ (ਕਲਾ) ਬਾਜੀ ਨ ਖੇਲੀਏ ਜਿਨਾਂ ਕਰਮਾਂ ਤੋਂ ਦਰਗਾਹ ਵਿਚ ਗਿਆਂ ਹੋਇਆਂ ਹਾਰ ਪਹੁੰਚੇ । ਪ੍ਰਮਾਨ— ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥ ਮਤੁ ਸਰਮਿੰਦਾ ਥੀਵਹੀ ਸਾਈਂ ਦੈ ਦਰਬਾਰਿ ॥

ਪੜਿਆ ਅਤੈ ਓਮੀਆਵੀਚਾਰੁਅਗੈਵੀਚਾਰੀਐ॥

ਪੜ੍ਹਿਆਂ ਦੀ ਅਤੇ (ਓਮੀਆ) ਅਨਪੜ੍ਹਿਆਂ ਦੀ ਅਗੇ ਵਿਚਾਰ ਵਿਚਾਰੀ ਜਾਂਦੀ ਹੈ।

ਮੁਹਿ ਚਲੈ ਸੁ ਅਗੈ ਮਾਰੀਐ ॥ ੧੨ ॥

ਜੋ ਸਰੀਰ ਨੂੰ ਵਿਸ਼ਿਆਂ ਪਾਸੋਂ ਮੁਹਾਕੇ ਚਲੇ ਹਨ ਸੋ ਅਗੇ ਪ੍ਰਲੋਕ ਵਿਚ ਮਾਰੀਦੇ ਹਨ।

ਸਲੋਕੁ ਮਃ ੧ ॥

ਨਾਨਕ ਮੇਰੁ ਸਰੀਰ ਕਾ ਇਕੁਰਥੁਇਕੁ ਰਥਵਾਹੁ॥

ਸ੍ਰੀ ਗੁਰੂ ਜੀ ਆਖਦੇ ਹਨ (ਮੇਰੁ)ਸ਼੍ਰੋਮਣੀ ਜੀਵ ਆਤਮਾਂ

ਦਾ ਸਰੀਰ ਰੂਪੀ ਇਕ ਰਥ ਹੈ ਅਤੇ ਇਕ ਉਸਦਾ ਰਥਵਾਹੀ ਹੈ।

ਜੁਗੁਜੁਗੁਫੇਰਿਵਟਾਈਅਹਿਗਿਆਨੀਬੁਝਹਿਤਾਹਿ

ਪੁਨਾ—ਜੁਗਾਂ ੨ ਵਿਚ ਰਥ ਤੇ ਰਥਵਾਹੀ ਬਦਲ ਜਾਂਦੇ ਹਨ ਤਿਸ ਵਾਰਤਾ ਨੂੰ ਗਿਆਨੀ ਬੁਝਦਾ ਹੈ।

ਸਤਜੁਗ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥

ਸਤਜੁਗਿ ਵਿਚ (ਰਥੁ) ਸਰੀਰ ਸੰਤੋਖੀ ਸਨ ਉਸਦੇ ਅਗੇ ਧਰਮ ਰਥਵਾਹੀ ਸੀ।

ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥

ਤ੍ਰੇਤੈ ਵਿਚ (ਰਥੁ) ਸਰੀਰ ਜਤੀ ਸਨ ਉਸ ਦੇ ਅਗੇ ਬਲ ਰਥਵਾਹੀ ਸੀ।

ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥

ਦੁਆਪਰਿ ਵਿਚ (ਰਥੁ) ਸਰੀਰ ਤਪੱਸੀ ਸਨ ਉਸ ਦੇ ਅਗੇ ਸਤ ਰਥਵਾਹੀ ਸੀ। ਸੂਚਨਾਂ—ਜੇਕਰ ਸਤਿ ਤੇ ਧਰਮ ਨੂੰ ਅਨਵੈ ਕਰ ਦੇਈਏ ਤਾਂ ਵੀ ਅਰਥ ਬਣ ਜਾਂਦਾ ਹੈ।

ਕਲਿਜੁਗਿ ਰਥੁ ਅਗਨਿਕਾ ਕੂੜੁ ਅਗੈ ਰਥਵਾਹੁ॥

ਕਲਿਜੁਗ ਵਿਚ (ਰਥੁ) ਸਰੀਰ ਕ੍ਰੋਧ ਰੂਪੀ ਅਗਨੀ ਨਾਲ ਭਰੇ ਹੋਏ ਹਨ ਤੇ ਇਸ ਦੇ ਅਗੇ ਝੂਠ ਰਥਵਾਹੀ ਹੈ।

ਮਃ ੧ ॥ ਸਾਮ ਕਹੈ ਸੇਤੰਬਰੁ ਸੁਆਮੀ ਸਚਿ ਮਹਿ ਆਛੈ ਸਾਚਿ ਰਹੇ ॥ ਸਭੁ ਕੋ ਸਚਿ ਸਮਾਵੈ ॥

ਸ਼ਾਮ ਵੇਦ ਕਹਿੰਦਾ ਹੈ ਮੇਰਾ ਸ੍ਵਾਮੀ (ਸੇਤੰਬਰੁ)ਚਿਟਿਆਂ

ਜੇ ਪੜ੍ਹਿਆ ਹੋਇਆ ਪਾਪੀ ਹੋਵੇ ਤਾਂ ਉਸਦੀ ਥਾਂ(ਓਮੀ) ਅਨਪੜ੍ਹਿਆ ਸਾਧੂ ਨਹੀਂ ਮਾਰਿਆ ਜਾਂਦਾ।

ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥

ਜਿਹੀ (ਘਾਲਣਾ) ਕਮਾਈ (ਘਾਲੇ) ਕਰੇ ਤਿਹਾ ਹੀ ਨਾਉਂ ਪੈ ਜਾਂਦਾ ਹੈ। ਪ੍ਰਮਾਨ—ਕਰਮੁ ਦੇਵਤਾ ਨਾਮ ਕਹਾਵੇ।

ਐਸੀ ਕਲਾ ਨ ਖੇਡੀਐ
ਜਿਤੁ ਦਰਗਹ ਗਇਆ ਹਾਰੀਐ ॥

ਤਾਂਤੇ ਅਜਿਹੀ (ਕਲਾ) ਬਾਜੀ ਨ ਖੇਲੀਏ ਜਿਨਾਂ ਕਰਮਾਂ ਤੋਂ ਦਰਗਾਹ ਵਿਚ ਗਿਆਂ ਹੋਇਆਂ ਹਾਰ ਪਹੁੰਚੇ । ਪ੍ਰਮਾਨ- ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥ ਮਤੁ ਸਰਮਿੰਦਾ ਥੀਵਹੀ ਸਾਈਂ ਦੈ ਦਰਬਾਰਿ ॥

ਪੜਿਆ ਅਤੈ ਓਮੀਆਵੀਚਾਰੁਅਗੈਵੀਚਾਰੀਐ॥

ਪੜ੍ਹਿਆਂ ਦੀ ਅਤੇ (ਓਮੀਆ) ਅਨਪੜ੍ਹਿਆਂ ਦੀ ਅਗੇ ਵਿਚਾਰ ਵਿਚਾਰੀ ਜਾਂਦੀ ਹੈ।

ਮੁਹਿ ਚਲੈ ਸੁ ਅਗੈ ਮਾਰੀਐ ॥ ੧੨ ॥

ਜੋ ਸਰੀਰ ਨੂੰ ਵਿਸ਼ਿਆਂ ਪਾਸੋਂ ਮੁਹਾਕੇ ਚਲੇ ਹਨ ਸੋ ਅਗੇ ਪ੍ਰਲੋਕ ਵਿਚ ਮਾਰੀਦੇ ਹਨ।

ਸਲੋਕੁ ਮਃ ੧ ॥

ਨਾਨਕ ਮੇਰੁ ਸਰੀਰ ਕਾ ਇਕੁਰਥੁਇਕੁ ਰਥਵਾਹੁ॥

ਸ੍ਰੀ ਗੁਰੂ ਜੀ ਆਖਦੇ ਹਨ (ਮੇਰੁ)ਸ਼੍ਰੋਮਣੀ ਜੀਵ ਆਤਮਾਂ

ਦਾ ਸਰੀਰ ਰੂਪੀ ਇਕ ਰਥ ਹੈ ਅਤੇ ਇਕ ਉਸਦਾ ਰਥਵਾਹੀ ਹੈ।

ਜੁਗੁਜੁਗੁਫੇਰਿਵਟਾਈਅਹਿਗਿਆਨੀਬੁਝਹਿਤਾਹਿ

ਪੁਨਾ–ਜੁਗਾਂ ੨ ਵਿਚ ਰਥ ਤੇ ਰਥਵਾਹੀ ਬਦਲ ਜਾਂਦੇ ਹਨ ਤਿਸ ਵਾਰਤਾ ਨੂੰ ਗਿਆਨੀ ਬੁਝਦਾ ਹੈ।

ਸਤਜੁਗ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥

ਸਤਜੁਗਿ ਵਿਚ (ਰਥੁ) ਸਰੀਰ ਸੰਤੋਖੀ ਸਨ ਉਸਦੇ ਅਗੇ ਧਰਮ ਰਥਵਾਹੀ ਸੀ।

ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥

ਤ੍ਰੇਤੈ ਵਿਚ (ਰਥੁ) ਸਰੀਰ ਜਤੀ ਸਨ ਉਸ ਦੇ ਅਗੇ ਬਲ ਰਥਵਾਹੀ ਸੀ।

ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥

ਦੁਆਪਰਿ ਵਿਚ (ਰਥੁ) ਸਰੀਰ ਤਪੱਸੀ ਸਨ ਉਸ ਦੇ ਅਗੇ ਸਤ ਰਥਵਾਹੀ ਸੀ। ਸੂਚਨਾਂ–ਜੇਕਰ ਸਤਿ ਤੇ ਧਰਮ ਨੂੰ ਅਨਵੈ ਕਰ ਦੇਈਏ ਤ੍ਾਂ ਵੀ ਅਰਥ ਬਣ ਜਾਂਦਾ ਹੈ।

ਕਲਿਜੁਗਿ ਰਥੁ ਅਗਨਿਕਾ ਕੂੜੁ ਅਗੈ ਰਥਵਾਹੁ॥

ਕਲਿਜੁਗ ਵਿਚ (ਰਥੁ) ਸਰੀਰ ਕ੍ਰੋਧ ਰੂਪੀ ਅਗਨੀ ਨਾਲ ਭਰੇ ਹੋਏ ਹਨ ਤੇ ਇਸ ਦੇ ਅਗੇ ਝੂਠ ਰਥਵਾਹੀ ਹੈ।

ਮਃ ੧ ॥ ਸਾਮ ਕਹੈ ਸੇਤੰਬਰੁ ਸੁਆਮੀ ਸਚਿ ਮਹਿ ਆਛੈ ਸਾਚਿ ਰਹੇ ॥ ਸਭੁ ਕੋ ਸਚਿ ਸਮਾਵੈ ॥

ਸ਼ਾਮ ਵੇਦ ਕਹਿੰਦਾ ਹੈ ਮੇਰਾ ਸ੍ਵਾਮੀ (ਸੇਤੰਬਰੁ)ਚਿਟਿਆਂ

ਬਸਤਰਾਂ ਵਾਲਾ ਹੰਸਾਵਤਾਰ ਹੈ, ਸਤਿਜੁਗ ਵਿਚ ਸਚ ਵਿਚ ਹੀ (ਆਛੈ) ਜੀਵ ਉਤਪਤ ਹੋਏ ਤੇ ਸਚ ਵਿਚ ਹੀ ਰਹਿੰਦੇ ਸਨ ਅਤੇ ਸਭ ਕੋਈ ਸਚ ਵਿਚ ਹੀ ਸਮਾਉਂਦਾ ਸੀ।

ਰਿਗੁ ਕਹੈ ਰਹਿਆ ਭਰਪੂਰਿ ॥
ਰਾਮ ਨਾਮੁ ਦੇਵਾ ਮਹਿ ਸੂਰੁ ॥
ਨਾਇ ਲਇਐ ਪਰਾਛਤ ਜਾਹਿ॥
ਨਾਨਕ ਤਉ ਮੋਖੰਤਰੁ ਪਾਹਿ॥

ਤ੍ਰੇਤੇ ਦਾ ਰਿਗ ਵੇਦ ਕਹਿ ਰਿਹਾ ਹੈ ਕਿ ਓਹ ਸਭ ਜੁਗਾਂ ਵਿਖੇ ਪਰਿਪੂਰਨ ਹੋ ਰਿਹਾ ਹੈ, ਜਿਸਦਾ ਨਾਮ ਰਾਮ ਹੈ ਅਤੇ ਸਰਬ ਦੇਵਤਿਆਂ ਵਿਚੋਂ ਬੜਾ ਸੂਰਬੀਰ ਹੈ, ਉਸ ਦਾ ਨਾਮ ਲਿਆਂ (ਪਰਾਛਤ) ਪਾਪ ਮਿਟ ਜਾਂਦੇ ਹਨ, ਤਦ ਫੇਰ ਮੁਕਤੀ ਪਾ ਲਈਦੀ ਹੈ।

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ ॥ ਪਾਰਜਾਤੁ ਗੋਪੀਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥

ਜਯੁਰਵੇਦ ਵਿੱਚ ਲਿਖਿਆ ਹੈ ਦੁਆਪਰ ਵਿੱਚ ਯਾਦਵਾਂ ਦੀ ਕੁਲ ਵਿਖੇ ਕਾਨ੍ਹ ਕ੍ਰਿਸ਼ਨ ਹੋਇਆ ਹੈ ਜਿਸ ਨੇ ਆਪਣੇ ਜ਼ੋਰ ਨਾਲ ਚੰਦ੍ਰਾਵਲੀ ਸਖੀ ਨੂੰ ਛਲਿਆ, ਅਤੇ ਜਮਨਾਂ ਦੇ ਪਾਰ ਜਾਕੇ ਗੋਪੀਆਂ ਨੂੰ ਲੈ ਆਇਆ ਤੇ ਬਿੰਦ੍ਰਾਬਨ ਵਿਚ ਰਾਸ ਰੰਗ ਕੀਤਾ ਅਤੇ ਚੰਦਰਾਵਲੀ ਦਾ ਇਉਂ ਪ੍ਰਸੰਗ ਹੈ:–

ਗੋਕਲ ਵਿਖੇ ਨਵੀਂ ਵਿਆਹੀ ਚੰਦ੍ਰਾਵਲਿ ਨਾਮ ਸਖੀ ਨੇ ਕ੍ਰਿਸ਼ਨ ਦੀਆਂ ਗੋਪੀਆਂ ਨੂੰ ਕੁਤਰਕ ਕੀਤੀ ਕਿ ਤੁਸੀਂ ਆਪਣੇ ਪਤੀਆਂ ਦਾ ਤਿਆਗ ਕਰਕੇ ਤੇ ਕਾਲੇ ਮੁਖ ਵਾਲੇ ਕ੍ਰਿਸ਼ਨ ਨਾਲ ਪ੍ਰੇਮ ਸਹਿਤ ਰਾਸ ਆਦਿਕ ਪਾਂਦੀਆਂ ਹੋ, ਤਾਂ ਗੋਪੀਆਂ ਨੇ ਕ੍ਰਿਸ਼ਨਜੀ ਨੂੰ ਜਾ ਕਿਹਾ ਕਿ ਆਪ ਜੀ ਨੂੰ ਚੰਦ੍ਰਾਵਲਿ ਸਖੀ ਕਾਲੇ ਮੁਖ ਵਾਲਾ ਕਹਿੰਦੀ ਹੈ। ਤਾਂ ਕ੍ਰਿਸ਼ਨ ਜੀ ਨੇ ਰਾਤ ਸਮੇਂ ਇਕ ਜਸੋਧਾਂ ਦੇ ਗ੍ਰਿਹਿ ਤੋਂ ਬਿਨਾਂ ਸਾਰੀ ਗੋਕਲ ਵਿਚੋਂ ਅਗਨਿ ਨੂੰ ਲੋਪ ਕਰ ਦਿਤਾ ਤਾਂ ਚੰਦ੍ਰਾਵਲਿ ਦੀ ਸੱਸ ਨੇ ਕਿਹਾ ਚੰਦ੍ਰਾਵਲੀ ਤੂੰ ਜਸੋਧਾਂ ਦੇ ਗ੍ਰਿਹਿ ਤੋਂ ਦੀਪਕ ਜਗਾ ਲਿਆਓ ਅਗੇ ਦੀਪਕ ਦੇ ਪਾਸ ਹੀ ਕ੍ਰਿਸ਼ਨ ਜੀ ਸੁਭਾਇਮਾਨ ਸਨ ਜਦ ਚੰਦ੍ਰਾਵਲ ਸਖੀ ਨੇ ਦੀਪਕ ਜਗਾਵਨ ਦੇ ਸਮੇਂ ਕ੍ਰਿਸ਼ਨ ਦੇ ਸਰੂਪ ਦਾ ਦਰਸ਼ਨ ਕੀਤਾ ਤਾਂ ਕ੍ਰਿਸ਼ਨ ਦੇ ਸਰੂਪ ਪਰ ਇਸਤਰਾਂ ਮੋਹਿਤ ਹੋਗਈ ਕਿ ਉਸਦੀ ਉਂਗਲ ਦੀਪਕ ਦੇ ਨਾਲ ਸੜ ਗਈ ਤੇ ਉਂਗਲੀ ਸੜਨ ਦਾ ਪਤਾ ਹੀ ਨਾ ਲਗਾ।

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥ ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥

ਕਲਜੁਗ ਵਿਚ ਅਥਰਬਣ ਵੇਦ ਪ੍ਰਧਾਨ ਹੋਇਆ ਹੈ ਅਤੇ (ਖੁਦਾਈ) ਸ੍ਰਿਸ਼ਟੀ ਵਿਚ ਅੱਲਾ ਨਾਮ ਪ੍ਰਸਿਧ ਹੋਇਆ ਹੈ, ਨੀਲੇ ਬਸਤ੍ਰ ਲੈਕੇ ਕਪੜੇ ਪੌਂਦੇ ਹਨ ਤੇ ਤੁਰਕਾਂ ਪਠਾਣਾਂ ਨੇ (ਅਮਲੁ) ਰਾਜ ਕੀਤਾ ਹੈ।

ਚਾਰੇ ਵੇਦ ਹੋਇ ਸਚਿਆਰ ॥
ਪੜਹਿ ਗੁਣਹਿ ਤਿਨ੍ ਚਾਰ ਵੀਚਾਰੁ॥

ਚਾਰੇ ਵੇਦ ਸਚੇ ਹੋਏਹਨ ਜੋ ਵੇਦਾਂ ਨੂੰ ਪੜ੍ਹਦਾਹੈ(ਗੁਣਹਿ) ਵੀਚਾਰਦਾ ਹੈ ਤਿਸ ਨੂੰ (ਚਾਰ) ਸੁੰਦਰ ਵਿਚਾਰ ਪੈਦਾ ਹੁੰਦਾ ਹੈ।

ਭਾਉ ਭਗਤਿ ਕਰਿ ਨੀਚੁ ਸਦਾਏ॥
ਤਉ ਨਾਨਕ ਮੋਖੰਤਰੁ ਪਾਏ ॥ ੨ ॥

ਸ੍ਰੀ ਗੁਰੂ ਜੀ ਆਖਦੇ ਹਨ ਜੋ ਪ੍ਰੇਮਾ ਭਗਤੀ ਕਰਕੇ ਆਪਣੇ ਆਪ ਨੂੰ ਨੀਚ ਸਦਾਵੇ ਤਾਂ ਓਹ ਰਿਦੇਵਿਚ ਹੀ ਮੋਖ ਪਾ ਲੈਂਦਾ ਹੈ।

ਪਉੜੀ ॥ ਸਤਿਗੁਰ ਵਿਟਹੁ ਵਾਰਿਆ
ਜਿਤੁ ਮਿਲਿਐ ਖਸਮੁ ਸਮਾਲ੍ਹਿਆ॥

ਮੈਂ ਸਤਿਗੁਰਾਂ (ਵਿਟਹੁ) ਉਪਰੋਂ ਵਾਰਨੇ ਜਾਂਦਾ ਹਾਂ ਜਿਸ ਗੁਰਾਂ ਨਾਲ ਮਿਲਨ ਨਾਲ ਪ੍ਰਮੇਸ਼ਰ ਨੂੰ ਸੰਭਾਲਿਆ ਹੈ।

ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ
ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ॥

ਜਿਨ੍ਹਾਂ ਨੂੰ ਗੁਰੂ ਨੇ ਉਪਦੇਸ਼ ਕਰਕੇ ਗਿਆਨ ਰੂਪੀ (ਅੰਜਨੁ) ਸੁਰਮਾ ਦਿੱਤਾ ਹੈ ਤਿਨਾਂ ਨੇ ਇਨਾਂ ਨੇਤਰਾਂ ਨਾਲ ਜਗਤ ਨੂੰ ਬ੍ਰਹਮ ਰੂਪ ਕਰਕੇ (ਨਿਹਾਲਿਆ) ਦੇਖਿਆ ਹੈ।

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥

ਜੋ ਕਰਤਾਰ ਨੂੰ ਛੱਡ ਕੇ (ਦੂਜੈ) ਦੁਵੈਸ਼ ਵਿਚ ਲਗੇ ਹਨ ਉਹ ਵਣਜਾਰਿਆ) ਜੀਵ ਸੰਸਾਰ ਸਮੁੰਦਰ ਵਿਚ ਡੁਬੇ ਹਨ

ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ॥

ਸੰਸਾਰ ਸਮੁੰਦਰ ਤੋਂ ਤਰਨ ਵਾਲਾ (ਬੋਹਿਥਾ) ਜਹਾਜ਼ ਸਤਿਗੁਰੂ ਹੀ ਹੈ ਪਰ ਇਸ ਬਾਤ ਨੂੰ ਕਿਸੇ ਵਿਰਲੇ ਨੇ ਹੀ ਵਿਚਾਰਿਆ ਹੈ।

ਕਰਿ ਕਿਰਪਾ ਪਾਰਿ ਉਤਾਰਿਆ ॥੧੩॥

ਸਤਿਗੁਰਾਂ ਨੇ ਜਿਸ ਪਰ ਕ੍ਰਿਪਾ ਕੀਤੀ ਹੈ ਤਿਸਨੂੰ ਸੰਸਾਰ ਸਮੁੰਦਰ ਤੋਂ ਪਾਰ ਉਤਾਰਿਆ ਹੈ।

ਸਲੋਕੁ ਮਃ ੧ ॥

ਸਿੰਮਲ ਰੁਖੁ ਸਰਾਇਰਾ ਅਤਿਦੀਰਘ ਅਤਿ ਮੁਚੁ॥

ਜਿਵੇਂ ਸਿੰਮਲ ਦਾ ਰੁਖ(ਸਰਾਇਰਾ)ਸਿਧਾ ਅਤੇ (ਦੀਰਘ) ਲੰਬਾ ਅਤੇ (ਮੁਚੁ) ਬੜਾ ਵਿਸਥਾਰ ਵਾਲਾ ਵੇਖਕੇ।

ਓਇਜਿਆਵਹਿ ਆਸ ਕਰਿਜਾਹਿਨਿਰਾਸੇ ਕਿਤੁ॥

ਉਸ ਉਤੇ ਤੋਤੇ ਜੋ ਫਲ ਦੀ ਆਸਾ ਕਰਕੇ ਆਂਵਦੇ ਹਨ ਤਾਂ ਫੇਰ ਹੋਰ ਕਿਤੇ ਨਿਰਾਸੇ ਚਲੇ ਜਾਂਦੇ ਹਨ।

ਪ੍ਰਸ਼ਨ–ਕਿਉਂ ਨਿਰਾਸੇ ਚਲੇ ਜਾਂਦੇ ਹਨ।

ਉਤ੍ਰ:–

ਫਲ ਫਿਕੇ ਫੁਲ ਬਕ ਬਕੇ ਕੰਮਿ ਨ ਆਵਹਿਪਤ ॥

ਉਸ ਦੇ ਫਲ ਫਿਕੇ ਹਨ, ਫੁਲ ਬਕਬਕੇ ਹਨ ਤੇ ਪੱਤਰ ਵੀ ਕੰਮ ਨਹੀਂ ਆਉਂਦੇ,ਇਸ ਲਈ ਨਿਰਾਸੇ ਹੋਕੇ ਚਲੇ ਜਾਂਦੇਹਨ।

ਮਿਠਤੁਨੀਵੀਨਾਨਕਾ ਗੁਣ ਚੰਗਿਆਈਆ ਤਤੁ॥

ਸ੍ਰੀਗੁਰੂਜੀ ਆਖਦੇ ਹਨ ਉਸ ਸਿੰਮਲ ਨਾਲੋਂ ਨੀਵੀਂ ਬੇਰੀ ਚੰਗੀਹੈ ਜਿਸਦੇ(ਤਤੁ)ਫਲ ਮਿਠੇ ਅਤੇ(ਗੁਣ) ਛਾਯਾ ਵੀ ਚੰਗੀ ਹੈ।

ਦ੍ਰਿਸ਼ਟਾਂਤ:—ਸਿੰਮਲ ਰੁਖ ਵਤ ਪਖੰਡੀ ਦੀ ਬਾਹਰਲੀ ਸਫਾਈ ਭੀ ਹੈ ਤੇ ਮਾਨ ਵਡਿਆਈ ਭੀ ਹੈ ਤੇ ਚੇਲੇ ਪ੍ਰਤਿ ਚੇਲੇ ਭੀ ਬਹੁਤ ਹਨ ਪਰ ਜੋ ਜਗਿਆਸੂ ਮੋਖ ਦੀ ਇੱਛਾ ਕਰਕੇ ਆਉਂਦੇ ਹਨ ਉਹ ਨਿਰਾਸੇ ਹੀ ਚਲੇ ਜਾਂਦੇ ਹਨ, ਕਿਉਂਕਿ ਉਹਨਾਂ ਦਾ ਚੁੰਚ ਗਿਆਨ ਦਿਖਲਾਵੇ ਮਾਤ੍ਰ ਹੈ ਤੇ ਉਸਦੀ ਪ੍ਰਤਿਸ਼ਟਾ ਭੀ ਨਿਕੰਮੀ ਹੈ, ਉਸ ਪਖੰਡੀ ਨਾਲੋਂ ਨਵਿਰਤੀ ਪੱਖ ਵਾਲਾ ਸੰਤ ਹਜ਼ਾਰ ਗੁਣਾਂ ਚੰਗਾ ਹੈ ਜੋ ਮਿੱਠਾ ਬੋਲਦਾ ਹੈ ਨਿੰਮ੍ਰਤਾ ਆਦਿਕ ਗੁਣ ਧਾਰ ਕੇ ਤੱਤ ਮਿਥਿਆ ਦਾ ਵੀਚਾਰ ਕਰਦਾ ਹੈ।

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥

ਸਭ ਕੋਈ ਆਪਣੀ ਸੋਭਾ ਵਾਸਤੇ ਨਿਊਂਦਾ ਹੈ ਪਰਾਏ ਦੀ ਸੋਭਾ ਦੇ ਵਾਸਤੇ ਕੋਈ ਨਹੀਂ ਨਿਊਂਦਾ।

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥

ਪਰੰਤੂ ਜੇਕਰ (ਤਾਰਾਜੂ) ਤੱਕੜੀ ਤੇ ਕੋਈ ਵਸਤੂ ਧਰ ਕੇ ਤੋਲੀਏ ਜੋ ਛਾਬਾ ਨਿਊਂਦਾ ਹੈ ਸੋ (ਗਉਰਾ) ਭਾਰਾ ਹੁੰਦਾ ਹੈ ਭਾਵ—ਨਿੰਮ੍ਰਤਾ ਸਹਿਤ ਨਿਊਣਾ ਲਾਭਦਾਇਕ ਹੈ।

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥

ਅਪਰਾਧੀ ਜਨ ਦੂਣਾ ਨਿਊਂਦਾ ਹੈ ਜਿਵੇਂ ਮਿਰਗ ਨੂੰ [ਹੰਤਾ] ਮਾਰਨ ਵੇਲੇ ਸ਼ਕਾਰੀ ਨਿਊਂਦਾ ਹੈਪ੍ਰਮਾਣ 'ਨਿਵਨਿ ਨੀਚ ਕੀ ਅਤਿ ਦੁਖਦਾਈ॥ ਜਿਉਂ *ਧਨੁ †ਅੰਕਸ ‡ਉਰਗ ||ਬਿਲਾਈ।'

*ਧਨੁਖ। †ਕੁੰਡਾ। ‡ਸੱਪ। ||ਬਿੱਲੀ।

ਸੀਸਿ ਨਿਵਾਇਐ ਕਿਆ ਥੀਐ

ਜਾ ਰਿਦੈ ਕੁਸੁਧੇ ਜਾਹਿ ॥ ੧ ॥

ਜਿਨ੍ਹਾਂ ਦਾ ਰਿਦਾ ਖੋਟੀਆਂ [ਸੁਧੇ] ਵਿਚਾਰਾਂ ਵਿਖੇ ਜਾਂਦਾ ਹੈ ਉਹਨਾਂ ਦੇ ਸਿਰ ਨਿਵਾਇ ਤੋਂ ਕੀ ਹੋਣਾ ਹੈ।

ਪ੍ਰਮਾਨ–ਜਿਨ ਮਨ ਹੋਰ ਮੁਖ ਹੋਰ ਸੇ ਕਾਂਢੇ ਕਚਿਆ।

ਮः ੧ ॥ ਪੜਿ ਪੁਸਤਕ ਸੰਧਿਆ ਬਾਦੰ ॥

ਪੁਸਤਕਾਂ ਪੜਨੀਆਂ ਸੰਧਿਆ ਕਰਨੀ ਅਤੇ [ਬਾਦੰ] ਚਰਚਾ ਕਰਨੀ।

ਸਿਲ ਪੂਜਸਿ ਬਗੁਲ ਸਮਾਧੰ ॥

ਮੂਰਤੀ ਪੂਜਾ ਕਰਨੀ ਤੇ ਬਗਲੇ ਵਾਂਗੂ ਸਮਾਧੀਆਂ ਲਾਉਣੀਆਂ।

ਮੁਖਿ ਝੂਠ ਬਿਭੂਖਣ ਸਾਰੰ ॥

ਮੂੰਹੋਂ ਝੂਠ ਅਜਿਹਾ ਬੋਲਣਾ ਕਿ [ਸਾਰੰ] ਚੰਗੇ ਗਹਿਣੇ ਵਤ ਬਣਾਕੇ ਦਿਖਾ ਦੇਣਾ।

ਤ੍ਰੈਪਾਲ ਤਿਹਾਲ ਬਿਚਾਰੰ ॥

[ਤ੍ਰੈਪਾਲ]ਤਿੰਨਾਂ ਪਦਾਂ ਵਾਲੀ ਜੋ ਗਾਇਤ੍ਰੀ ਹੈ[ਤਿਹਾਲ] ਤਿੰਨ ਵੇਲੇ ਵੀਚਾਰਨੀ।

ਗਲਿ ਮਾਲਾ ਤਿਲਕੁ ਲਿਲਾਟੰ ॥

ਗਲ ਵਿਚ ਮਾਲਾ ਪਾਉਣੀ ਅਤੇ [ਲਿਲਾਟੰ]ਮਥੇ ਉੱਤੇ ਟਿਕਾ ਲਾਉਣਾ।

ਦੁਇ ਧੋਤੀ ਬਸਤ੍ਰ ਕਪਾਟੰ ॥

ਦੋ ਧੋਤੀਆਂ ਰਖਣੀਆਂ ਅਤੇ ਪੂਜਾ ਵੇਲੇ (ਕਪਾਟਿ)ਤਾਲੂ ਪਰ ਕੱਪੜਾ ਭਿਉਂਕੇ ਰੱਖਣਾ।

ਜੇ ਜਾਣਸਿ ਬ੍ਰਹਮੰ ਕਰਮੰ ॥

ਜੇਹੜਾ (ਬ੍ਰਹਮੰ ਕਰਮੰ)ਬ੍ਰਹਮ ਗਯਾਨ ਨੂੰ ਜਾਣਦਾ ਹੈ।

ਸਭਿ ਫੋਕਟ ਨਿਸਚਉ ਕਰਮੰ ॥

ਉਸਦੇ ਨਿਸਚੇ ਵਿਚ ਤਾਂ ਉਪਰ ਦਸੇ ਸਕਾਮ ਕਰਮ ਸਾਰੇ ਹੀ [ਫੋਕਟ] ਬਿਅਰਥ ਹਨ।

ਕਹੁ ਨਾਨਕ ਨਿਹਚਉ ਧਿਆਵੈ ॥

ਸ੍ਰੀ ਗੁਰੂ ਜੀ ਆਖਦੇ ਹਨ ਜੋ ਸਤਿਗੁਰਾਂ ਨੂੰ ਨਿਸਚੇ ਕਰਕੇ ਧਿਔਂਦੇ ਹਨ ਸੋ ਗਿਆਨ ਰੂਪੀ ਰਸਤਾ ਪਾ ਲੈਂਦੇ ਹਨ।

ਵਿਣੁ ਸਤਿਗੁਰ ਵਾਟ ਨ ਪਾਵੈ ॥ ੨ ॥

ਸਤਿਗੁਰਾਂ ਤੋਂ ਬਿਨਾਂ ਗਿਆਨ ਰੂਪੀ ਰਸਤਾ ਪ੍ਰਾਪਤ ਨਹੀਂ ਹੁੰਦਾ ॥ ੨ ॥

ਪਉੜੀ ॥ ਕਪੜੁ ਰੂਪੁ ਸੁਹਾਵਣਾ

ਛਡਿ ਦੁਨੀਆ ਅੰਦਰਿ ਜਾਵਣਾ ॥

ਹੇ ਭਾਈ ਸੁਹਾਵਣਾ ਰੂਪ ਤੇ ਸੋਹਣੇ ਕੱਪੜੇ ਇਸ ਦੁਨੀਆਂ ਵਿਚ ਹੀ ਛੱਡ ਕੇ ਚਲੇ ਜਾਣਾ ਹੈ।

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥

ਆਪਣੇ ਚੰਗੇ ਮੰਦੇ ਕਰਮ ਕੀਤੇ ਹੋਏ ਦਾ ਫਲ ਤੈਨੂੰ ਆਪੇ ਹੀ ਪਾਵਣਾ ਪਵੇਗਾ।

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥

ਏਥੇ ਤਾਂ ਮਨ ਭਾਂਵਦੇ ਗਰੀਬਾਂ ਤੇ ਹੁਕਮ ਕਰ ਲਏ ਪਰ ਅਗੇ ਤਾਂ ਭੀੜੇ ਰਸਤੇ ਵਿਚ ਹੀ ਜਾਣਾ ਪਏਗਾ।

ਨੰਗਾ ਦੋਜਕਿ ਚਾਲਿਆ ਤਾਦਿਸੈਖਰਾਡਰਾਵਣਾ॥

ਜਦ ਪ੍ਰੇਮ ਰੂਪੀ ਕਪੜੇ ਤੋਂ ਬਿਨਾਂ ਜੀਵ ਨਗਨ ਹੋ ਕੇ ਦੋਜ਼ਕ ਨੂੰ ਚਲਿਆ ਤਦੋਂ [ਖਰਾ] ਭਿਆਨਕਡਰਾਵਣਾ ਦਿਸਦਾ ਹੈ।

ਕਰਿ ਅਉਗਣ ਪਛੋਤਾਵਣਾ ॥੧੪॥

ਪਾਪੀ ਜੀਵ ਪਾਪਾਂ ਨੂੰ ਕਰਕੇ ਪਸਚਾਤਾਪ ਕਰਦਾ ਹੈ।

ਸਲੋਕੁ ਮਃ ੧ ॥

ਦਇਆ ਕਪਾਹ ਸੰਤੋਖੁ ਸੂਤੁ ਜਤੁਗੰਢੀ ਸਤੁਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਜਦੋਂ ਪੰਡਿਤ ਹਰਦਿਆਲ ਜੀ ਜਨੇਊ ਪਾਵਨ ਲਗਾ ਤਾਂ ਗੁਸ੍ਰੀ ਰੂ ਨਾਨਕ ਦੇਵ ਜੀ ਨੇ ਕਿਹਾ, ਹੇ ਪਾਂਡੇ! ਜੀਵ ਦੇ ਨਾਲ ਜਾਣ ਵਾਲਾ ਐਸਾ ਜਨੇਊ ਤੇਰੇ ਪਾਸ ਹਈ ਤਾਂ ਮੇਰੇ ਗਲ ਵਿਚ [ਘਤੁ] ਪਾ ਦੇ, ਜੋ ਦਇਆ ਰੂਪੀ ਕਪਾਹ ਦਾ ਸੰਤੋਖ ਰੂਪੀ ਸੂਤ ਹੋਵੇ, ਸਤ ਰੂਪੀ ਵੱਟ ਚੜ੍ਹਿਆ ਹੋਵੇ ਤੇ ਜਤ ਰੂਪੀ ਗੰਢਾਂ ਪਾਈਆਂ ਹੋਣ।

ਨਾ ਏਹੁ ਤੁਟੈਨਮਲੁਲਗੈ ਨਾਏਹੁ ਜਲੈ ਨਜਾਇ॥

ਕਿਉਂਕਿ ਨਾ ਇਹ ਟੁਟਦਾ ਹੈ ਤੇ ਨਾ ਹੀ ਇਸਨੂੰ ਮੈਲ

ਲਗਦੀ ਹੈ ਤੇ ਨਾਂ ਹੀ ਇਹ ਸੜਦਾ ਹੈ ਤੇ ਨਾਂ ਹੀ ਗਵਾਚਦਾ ਹੈ।

ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

ਸ੍ਰੀ ਗੁਰੂ ਜੀ ਆਖਦੇ ਹਨ ਸੋ ਮਨੁਸ਼ ਧੰਨ ਹਨ ਜੋ ਐਸੇ ਜਨੇਊ ਨੂੰ ਗਲ ਵਿਚ ਪਾਕੇ ਚਲੇ ਹਨ।

ਚਉਕੜਿਮੁਲਿਅਣਾਇਆ ਬਹਿਚਉਕੈਪਾਇਆ॥

ਪ੍ਰਤੱਖ [ਚਉਕੜਿ] ਜੰਵੂ ਮੁਲ ਮੰਗਵਾਕੇ ਤੇ ਬ੍ਰਾਹਮਣ ਨੇ ਚੌਂਕੇ ਵਿਚ ਬਹਿਕੇ ਲੜਕੇ ਦੇ ਗਲ ਪਾ ਦਿੱਤਾ।

ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥

ਜਨੇਊ ਸਿਖ ਦੇ ਮੋਢੇ ਪਰ ਚੜ੍ਹਾ ਕੇ ਤੇ ਬ੍ਰਾਹਮਣ ਗੁਰੂ ਹੋ ਗਿਆ।

ਓਹੁਮੁਆਓਹੁ ਝੜਿਪਇਆਵੇਤਗਾਗਇਆ॥੧॥

ਜਦ ਓਹ ਜੰਵੂ ਪਾਉਣ ਵਾਲਾ ਮਰ ਗਿਆ ਤਾਂ ਉਹ ਜੰਵੂ ਗਲੋਂ ਝੜ ਪਿਆ ਤਦ ਵਿਚਾਰਾ ਜੀਵ ਜੰਵੂ ਤੋਂ ਬਿਨਾਂ ਹੀ ਸੰਸਾਰ ਤੋਂ ਚਲਾ ਗਿਆ।

ਸੂਚਨਾ–ਸਤਿਜੁਗ ਵਿਚ ਜਨੇਊ ਚਾਰ ਚੁਵਾਨੀਆਂ ਦਾ ਮਿਲਦਾ ਸੀ, ਤ੍ਰੇਤਾ ਵਿਚ ਚਾਰ ਆਨਿਆਂ ਤੋਂ ਮਿਲਣ ਲੱਗ ਪਿਆ ਤੇ ਦੁਆਪਰ ਵਿਚ ਚਾਰ ਪੈਸਿਆਂ ਤੋਂਮਿਲਦਾ ਸੀ ਤੇ ਹੁਣ ਕਲਿਜੁਗ ਵਿਚ ਚਾਰ ਦਮੜੀਆਂ ਤੋਂ ਮਿਲ ਜਾਂਦਾ ਹੈ ਇਸ ਲਈ ਮਹਾਰਾਜ ਜੀ ਨੇ ਜਨੇਊ ਦਾ ਨਾਮ ਚਉਕੜਿ ਰਖਿਆ ਹੈ।

ਮਃ ੧ ॥ ਲਖ ਚੋਰੀਆ ਲਖ ਜਾਰੀਆ
ਲਖ ਕੂੜੀਆ ਲਖ ਗਾਲਿ ॥

ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥

ਲੱਖਾਂ ਚੋਰੀਆਂ,ਲੱਖਾਂ ਯਾਰੀਆਂ,ਲੱਖਾਂ ਝੂਠ, ਲੱਖਾਂ ਗਾਲਾਂ ਲੱਖਾਂ ਠੱਗੀਆਂ, ਲੱਖਾਂ [ਪਹਿਨਾਮੀਆਂ] ਬੇਈਮਾਨੀਆਂ ਦਿਨ ਰਾਤ ਜਿਸ ਜੀਵ ਨਾਲ ਲੱਗੀਆਂ ਰਹਿੰਦੀਆਂ ਹਨ, 'ਐਸੇ ਪੁਰਖ ਨੂੰ ਪਹਿਰਾਉਣ ਲਈ।'

ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥

ਕਪਾਹ ਦਾ ਧਾਗਾ ਕਤੀਦਾ ਹੈ ਤੇ ਉਸਨੂੰ ਬ੍ਰਾਹਮਣ ਆ ਕੇ ਵੱਟਦਾ ਹੈ।

ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥

ਫਿਰ ਬਕਰਾ ਕੋਹ ਕੇ ਰਿੰਨ੍ਹ ਕੇ ਖਾਂਦੇ ਹਨ ਤਦ ਸਭਕੋਈ ਆਖਦਾ ਹੈ ਕਿ ਪਰੋਹਤ ਜੀ ਜਨੇਊ ਪਾਓ।

ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥

ਜਦ ਓਹ ਜੰਞੂ ਪੁਰਾਣਾ ਹੋ ਜਾਂਦਾ ਹੈ ਤਾਂ ਉਹ ਸੁਟ ਦੇਈਦਾ ਹੈ ਅਤੇ ਫੇਰ ਮੁਲ ਲੈਕੇ ਹੋਰ ਪਾਈਦਾ ਹੈ।

ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ॥੨॥

ਸ੍ਰੀ ਗੁਰੂ ਜੀ ਆਖਦੇ ਹਨ ਜੇਕਰ [ਤਗੁ] ਜੰਞੂ ਜੋਰ ਵਾਲਾ ਹੁੰਦਾ ਤਾਂ ਜੰਞੂ ਕਦੇ ਭੀ ਨਾ ਟੁਟਦਾ॥ ੨ ॥

ਪ੍ਰਸ਼ਨ–ਟੁਟਣ ਤੋਂ ਬਿਨਾਂ ਜੰਞੂ ਕੇਹੜਾ ਹੈ ਤੇ ਕਿਥੋਂ ਮਿਲਦਾ ਹੈ।

ਉਤ੍ਰ– **ਮਃ ੧ ॥ ਨਾਇ ਮੰਨਿਐ ਪਤਿ ਊਪਜੈ**

ਸਾਲਾਹੀ ਸਚੁ ਸੂਤੁ ॥

ਨਾਮ ਮੰਨਿਆਂ ਜੋ ਇਜ਼ਤ ਪੈਦਾ ਹੁੰਦੀ ਹੈ ਇਹ ਕਪਾਹ ਹੈ ਅਤੇ ਸਚੇ ਦਾ ਸਲਾਹੁਣਾ ਸੂਤਰ ਹੈ।

ਦਰਗਹ ਅੰਦਰਿ ਪਾਈਐਤਗੁਨਤੂਟਸਿਪੂਤ॥੩॥

ਇਹ ਜਨੇਊ [ਦਰਗਹ]ਸਤਿਸੰਗਿ ਵਿਚ ਜਾਕੇ [ਪਾਈਐ] ਮਿਲਦਾ ਹੈ, ਕਿਉਂਕਿ ਇਹ [ਪੂਤ] ਪਵਿਤਰ ਜੰਞੂ ਟੁਟਦਾ ਨਹੀਂ ਹੈ॥ ੩ ॥

ਮਃ ੧ ॥ ਤਗੁ ਨ ਇੰਦ੍ਰੀ ਤਗੁ ਨ ਨਾਰੀ ॥

ਹੇ ਪਾਂਡੇ ! ਪਰ ਨਾਰੀ ਦੀ ਸੰਗਤ ਵਲੋਂ ਉਪੱਸਤ ਇੰਦ੍ਰੀ ਨੂੰ [ਤਗੁ] ਰੋਕਿਆ ਨਹੀਂ।

ਭਲਕੇ ਥੁਕ ਪਵੈ ਨਿਤ ਦਾੜੀ॥

ਇਸ ਕਰਕੇ ਨਿਤ ਹੀ [ਭਲਕੇ] ਸਵੇਰੇ ਦਾੜ੍ਹੀ ਤੇ ਲਾਨਤਾਂ ਰੂਪੀ ਥੁਕਾਂ ਪੈਂਦੀਆਂ ਹਨ।

ਤਗੁ ਨ ਪੈਰੀ ਤਗੁ ਨ ਹਥੀ॥

ਬੁਰੇ ਰਸਤੇ ਜਾਣ ਵਲੋਂ ਪੈਰਾਂ ਨੂੰ [ਤਗੁ]ਰੋਕਿਆ ਨਹੀਂ, ਬੁਰੇ ਕਰਮ ਕਰਨ ਵਲੋਂ ਹੱਥਾਂ ਨੂੰ ਰੋਕਿਆ ਨਹੀਂ।

ਤਗੁ ਨ ਜਿਹਵਾ ਤਗੁ ਨ ਅਖੀ ॥

ਮੰਦ ਦ੍ਰਿਸ਼ਟੀ ਦੇਖਨ ਵਲੋਂ ਅਖਾਂ ਨੂੰ ਰੋਕਿਆ ਨਹੀਂ, ਨਿੰਦਿਆ ਬੋਲਨ ਵਲੋਂ ਜੀਭ ਨੂੰ ਰੋਕਿਆ ਨਹੀਂ। ਪ੍ਰਮਾਨ:— 'ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ।'

ਵੇਤਗਾ ਆਪੇ ਵਤੈ ॥

ਹੇ ਪੰਡਤ ਜਤ, ਸਤ, ਦਇਆ, ਸੰਤੋਖ ਰੂਪੀ ਜੰਞੂ ਤੋਂ ਬਿਨਾਂ ਤੂੰ ਆਪ ਫਿਰਦਾ ਹੈਂ।

ਵਟਿ ਧਾਗੇ ਅਵਰਾ ਘਤੈ ॥

ਪ੍ਰਤੱਖ ਧਾਗਿਆਂ ਨੂੰ ਵਟਾਕੇ ਤੂੰ ਹੋਰਨਾਂ ਦੇ ਗਲੇ ਵਿਚ ਪਾਉਂਦਾ ਹੈਂ।

ਲੈ ਭਾੜਿ ਕਰੇ ਵੀਆਹੁ ॥

ਭਾੜਾ ਲੈਕੇ ਜਜਮਾਨ ਦੀ ਪੁਤ੍ਰੀ ਦਾ ਤੂੰ ਵਿਆਹ ਕਰੌਂਦਾ ਹੈਂ।

ਕਢਿ ਕਾਗਲੁ ਦਸੇ ਰਾਹੁ ॥

(ਕਾਗਲ) ਜੰਤ੍ਰੀ ਨੂੰ ਕਢਕੇ ਲੋਕਾਂ ਨੂੰ ਰਾਹੂ ਕੇਤੂ ਆਦਿਕ ਗ੍ਰਹਿ ਦਸਦਾ ਹੈਂ, ਪਰ ਆਪ ਨਹੀਂ ਮੰਨਦਾ।

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥

ਹੇ ਲੋਕੋ ਸੁਣੋ ਏਹ (ਵਿਡਾਣੁ) ਅਸਚਰਜ ਵੇਖੀਦਾ ਹੈ।

ਮਨਿ ਅੰਧਾ ਨਾਉ ਸੁਜਾਣੁ ॥

ਕਿ ਮਨ ਦਾ ਅੰਧਾ ਹੈ ਤੇ ਨਾਮ (ਸੁਜਾਣੁ) ਚਤੁਰਪੰਡਿਤ ਸਦਾਉਂਦਾ ਹੈ।

ਪਉੜੀ ॥ ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥

ਜਿਸ ਤੇ ਸਾਹਿਬ ਦਿਆਲੂ ਹੋਵੇ ਅਤੇ ਕ੍ਰਿਪਾ ਕਰੇ ਤਾਂ ਸੋਈ ਪੁਰਸ਼ ਭਗਤੀ ਰੂਪੀ ਕਾਰ ਨੂੰ ਕਰੇਗਾ।

ਸੋ ਸੇਵਕੁ ਸੇਵਾ ਕਰੇ ਜਿਸਨੋ ਹੁਕਮੁ ਮਨਾਇਸੀ॥

ਜਿਸ ਨੂੰ ਆਪਣਾ ਹੁਕਮ ਮਨਾਵੇਗਾ ਸੋਈ ਸੇਵਕ ਸੇਵਾ ਕਰੇਗਾ।

ਹੁਕਮਿ ਮੰਨਿਐ ਹੋਵੈ ਪਰਵਾਣੁ
ਤਾ ਖਸਮੈ ਕਾ ਮਹਲੁ ਪਾਇਸੀ ॥

ਕਰਤਾਰ ਦੇ ਹੁਕਮ ਮੰਨਣੇ ਵਾਲਾ ਪੁਰਸ਼ ਪ੍ਰਵਾਨ ਹੋਵੇ ਹੈ ਤਾਂ ਓਹ ਪ੍ਰਮੇਸ਼ਰ ਦਾ (ਮਹਲੁ) ਸਰੂਪ ਪਾਵੇਗਾ।

ਖਸਮੈ ਭਾਵੈ ਸੋ ਕਰੇ
ਮਨਹੁ ਚਿੰਦਿਆ ਸੋ ਫਲੁ ਪਾਇਸੀ ॥

ਜੋ ਕਰਤਾਰ ਨੂੰ ਭਾਵੇ ਸੋਈ ਕਰਮ ਕਰਨੇ ਵਾਲਾ ਪੁਰਖ ਮਨ ਇਛਤ ਫਲ ਨੂੰ ਪਾ ਲਵੇਗਾ।

ਤਾ ਦਰਗਹ ਪੈਧਾ ਜਾਇਸੀ ॥ ੧੫ ॥

ਤੇ ਦਰਗਾਹ ਵਿਚ ਜਸ ਰੂਪੀ ਪੁਸ਼ਾਕ ਨੂੰ ਪੈਹਨਕੇ ਜਾਵੇਗਾ।

ਸਲੋਕੁ ਮः ੧ ॥

ਉਥਾਨਕਾ—ਗਰਮੀ ਦੀ ਰੁਤ ਵਿਖੇ ਸੁਲਤਾਨਪੁਰ ਵੇਈਂ ਨਦੀ ਦੇ ਕਨਾਰੇ ਮੁਸਲਮਾਨ ਤੇ ਖਤ੍ਰੀ ਦੋ ਮਲਾਹਸਨ ਇਕਨਿਰਧਨ ਬ੍ਰਾਹ-ਮਣ ਗਊ ਸਹਿਤ ਬੇੜੀ ਤੇ ਚੜਨ ਲਗਾ ਤਾਂ ਮਲਾਹ ਨੇ ਕਿਹਾ ਕਿ ਮਸੂਲ ਦੇਵੋ ਬ੍ਰਾਹਮਣ ਨੇ ਉਤਰ ਦਿਤਾ ਜੀ ਮੇਰੇ ਪਾਸ ਪੈਸੇ ਨਹੀਂ ਹਨ। ਤਾਂ ਖਤ੍ਰੀ ਮਲਾਹ ਬ੍ਰਾਹਮਣ ਨੂੰ ਛਡ ਕੇ ਬੇੜੀ ਠੇਲ੍ਹ ਕੇ ਪਾਰਲੇ ਕਿਨਾਰੇ ਲੈ ਗਿਆ ਤਾਂ ਬ੍ਰਾਹਮਣ ਨੇ ਉਰਵਾਰਲੇ ਕਿਨਾਰੇ ਬਿਨਾਂ ਅੰਨ ਤੋਂ ਸਾਰਾ ਦਿਨ ਬਤੀਤ ਕੀਤਾ ਓਹੀ ਮਲਾਹ ਖਤ੍ਰੀ ਸਾਂਝ ਸਮੇਂ ਉਸੀ ਗਊ ਦੇ ਗੋਬਰ ਨਾਲ ਲੇਪਨ ਕਰਕੇ ਧੋਤੀ ਟਿਕਾ ਆਦਿਕ ਲਗਾ ਕੇ ਰਸੋਈ

ਬਨਾਵਨ ਲਗਾ ਇਸ ਕੌਤਕ ਨੂੰ ਦੇਖ ਕੇ ਮੁਸਲਮਾਨ ਤੇ ਖਤਰੀ ਦੋਹਾਂ ਮਲਾਹਾਂ ਦੇ ਪ੍ਰਥਾਇ ਗੁਰੂ ਜੀ ਨੇ ਉਚਾਰਨ ਕੀਤਾ।

ਗਊ ਬਿਰਾਹਮਣ ਕਉ ਕਰੁ ਲਾਵਹੁ
ਗੋਬਰਿ ਤਰਣੁ ਨ ਜਾਈ॥

ਹੇ ਖਤ੍ਰੀ ਤੂੰ ਗਊ ਤੇ ਬ੍ਰਾਹਮਣ ਨੂੰ ਤਾਂ (ਕਰੁ) ਮਸੂਲ ਲਗੌਂਦਾ ਹੈਂ ਪਰ ਗੋਬਰ ਦਾ ਚੌਂਕਾ ਦੇਣ ਨਾਲ ਤਰਿਆ ਨਹੀਂ ਜਾਵੇਗਾ।

ਧੋਤੀ ਟਿਕਾ ਤੈ ਜਪ ਮਾਲੀ ਧਾਨੁ ਮਲੇਛਾਂ ਖਾਈ॥

ਧੋਤੀ ਅਤੇ ਜਪ ਮਾਲੀ ਪਹਿਨਕੇ ਮਥੇ ਤੇ ਟਿਕਾ ਲਗਾਉਂਦਾ ਹੈਂ ਤੇ ਧਾਨੁ ਮਲੇਛਾਂ ਦਾ ਖਾਂਦਾ ਹੈਂ।

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥

ਹੇ ਭਾਈ ਅੰਦਰ ਬੈਠ ਕੇ ਠਾਕੁਰ ਪੂਜਾ ਅਤੇ ਬਾਹਰ ਆ ਕੇ ਤੂੰ ਕਤੇਬਾਂ ਪੜ੍ਹਦਾ ਹੈਂ ਜੋ ਤੁਰਕਾਂ ਦਾ (ਸੰਜਮੁ) ਕਰਮ ਹੈ।

ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥੧॥

ਹੇ ਭਾਈ ਏਹਨਾਂ ਪਾਖੰਡਾਂ ਨੂੰ(ਛੋਡੀਲੇ) ਛਡ ਦੇ ਕਿਉਂਕਿ ਨਾਮ ਦੇ ਲਿਆਂ ਹੀ ਤਰਿਆ ਜਾਣਾ ਹੈ।

ਮਃ ੧ ॥ ਮਾਣਸ ਖਾਣੇ ਕਰਹਿ ਨਿਵਾਜ ॥

ਉਹ ਤਾਂ ਮੁਸਲਮਾਨ ਨਮਾਜ਼ਾਂ ਪੜ੍ਹਿਆ ਕਰਦੇ ਹਨ ਤੇ (ਮਾਣਸ) ਮਾਸ ਬਕਰੇ ਦਾ ਖਾਂਦੇ ਹਨ।

ਛੁਰੀ ਵਗਾਇਨਿ ਤਿਨ ਗਲਿ ਤਾਗ॥

ਅਤੇ ਜਿਨ੍ਹਾਂ ਦੇ ਗਲ ਵਿਚ ਜਨੇਊ ਹਨ ਸੋ ਹਥਾਂ ਨਾਲ ਛੁਰੀ ਮਾਰ ਕੇ ਖੂਨ ਕਰ ਦੇਂਦੇ ਹਨ।

ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥

ਉਨ੍ਹਾਂ ਦੇ ਘਰੀਂ ਬ੍ਰਾਹਮਣ ਜਾਕੇ (ਨਾਦ)ਸੰਖ ਪੂਰਦੇ ਹਨ

ਓਨਾ ਭਿ ਆਵਹਿ ਓਈ ਸਾਦ ॥

ਉਨ੍ਹਾਂ ਬ੍ਰਾਹਮਣਾਂ ਨੂੰ ਭੀ ਓਹੀ ਬੇਈਮਾਨੀ ਦਾ ਸੁਆਦ ਆਉਂਦਾ ਹੈ। ਪ੍ਰਮਾਨ—ਮਲਿਨ ਅੰਨ ਕਰ ਮਲਿਨ ਮਨ ਸ਼ੁਧ ਅੰਨ ਕਰ ਸ਼ੁਧ।

ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥

ਜੋ ਝੂਠ ਬੋਲ ਕਰਕੇ ਅੰਨ ਖਾਂਦੇ ਹਨ ਤਿਨਾਂ ਦੀ(ਰਾਸਿ) ਅਵਸਥਾ ਭੀ ਝੂਠੀ ਹੈ ਤੇ (ਵਾਪਾਰੁ) ਕੰਮ ਭੀ ਝੂਠੇ ਹਨ ਪ੍ਰਮਾਨ—ਕੂੜੁ ਬੋਲਿ ਮੁਰਦਾਰੁ ਖਾਇ ॥

ਸਰਮ ਧਰਮ ਕਾ ਡੇਰਾ ਦੂਰਿ ॥

ਉਨ੍ਹਾਂ ਪੁਰਸ਼ਾਂ ਦਾ ਸ਼ਰਮ ਧਰਮ ਤੋਂ ਡੇਰਾ ਦੂਰ ਹੋ ਗਿਆ ਹੈ।

ਨਾਨਕ ਕੂੜੁ ਰਹਿਆ ਭਰਪੂਰਿ ॥

ਗੁਰੂ ਜੀ ਆਖਦੇ ਹਨ ਜਿਧਰ ਕਿਧਰ ਝੂਠ ਹੀ ਫੈਲ ਰਿਹਾ ਹੈ।

ਮਥੈ ਟਿਕਾ ਤੇੜਿ ਧੋਤੀ ਕਖਾਈ ॥

ਮਥੇ ਤੇ ਟਿਕਾ ਲਗਾਇਆ ਹੋਇਆ ਹੈ ਤੇ ਤੇੜ (ਕਖਾਈ) ਲਾਂਗੜ ਵਾਲੀ ਧੋਤੀ ਬੰਨੀ ਹੋਈ ਹੈ।

ਹਥਿ ਛੁਰੀ ਜਗਤ ਕਾਸਾਈ ॥

ਤੇ ਕਸਾਈ ਵਤ (ਜਗਤ) ਜੀਵਾਂ ਨੂੰ ਕੋਹਨ ਵਾਸਤੇ ਹਥ ਵਿਚ ਕਲਮ ਰੂਪੀ ਛੁਰੀ ਫੜੀ ਹੋਈ ਹੈ,ਭਾਵ:—੧੦)ਰੁਪਏਕਿਸੇ ਨੂੰ ਵਿਆਜੀ ਦਿਤੇ ਮਗਰੋਂ ੦ ਸਿਫਰ ਹੋਰ ਲਾਕੇ ੧੦੦) ਸੌ ਰੁਪਿਆ ਮੰਗਣ ਲਗ ਪਿਆ।

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥

ਹਿੰਦੂ ਨੀਲੇ ਬਸਤ੍ਰਾਂ ਨੂੰ ਪਹਿਨਕੇ ਮੁਸਲਮਾਨਾਂ ਵਿਚ ਪ੍ਰਮਾਨਨੀਕ ਹੁੰਦਾ ਹੈ।

ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥

ਮਲੇਛਾਂ ਦਾ ਧਾਨੁ ਲੈਕੇ ੧੮ ਪੁਰਾਣਾਂ ਦੀ ਪੂਜਾ ਕਰਦਾ ਹੈ।

ਅਭਾਖਿਆ ਕਾ ਕੁਠਾ ਬਕਰਾ ਖਾਣਾ ॥

(ਅਭਾਖਿਆ) ਕਲਮੇ ਦਾ (ਕੁਠਾ) ਕੋਹਿਆ ਹੋਇਆ ਬਕਰਾ ਖਾਂਦਾ ਹੈ।

ਚਉਕੇ ਉਪਰਿ ਕਿਸੈ ਨ ਜਾਣਾ॥

ਅਤੇ ਲੋਕਾਂ ਨੂੰ ਆਖਦਾ ਹੈ ਮੇਰੇ ਚੌਂਕੇ ਉਪਰ ਕੋਈ ਨਾ ਜਾਵੇ।

ਦੇਕੈ ਚਉਕਾ ਕਢੀ ਕਾਰ॥

ਚੌਂਕਾ ਦੇਕੇ (ਕਾਰ) ਲਕੀਰ (ਕਢੀ) ਪਾ ਦਿਤੀ।

ਉਪਰਿ ਆਇ ਬੈਠੇ ਕੂੜਿਆਰ॥

ਉਸ ਚੌਂਕੇ ਉਪਰ ਝੂਠਾ ਆਇਕੇ ਬੈਠ ਜਾਂਦਾ ਹੈ।

ਮੰਤੁ ਭਿਟੈ ਵੇ ਮਤੁ ਭਿਟੈ॥

ਦੂਜਿਆਂ ਨੂੰ ਆਖਦਾ ਹੈ ਸਾਡੇ ਚੌਂਕੇ ਨਾਲ ਨ ਛੋਹਨਾ ਓਹ ਭਾਈ ਨ ਛੋਹਨਾ।

ਇਹੁ ਅੰਨੁ ਅਸਾਡਾ ਫਿਟੈ॥

ਕਿਉਂਕਿ ਤੁਹਾਡੇ ਛੋਹਿਆਂ ਇਹ ਸਾਡਾ ਅੰਨ (ਫਿਟੈ) ਖਰਾਬ ਹੋ ਜਾਵੇਗਾ। ਪ੍ਰਮਾਨ—ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲ॥ ਕਾਰੀ ਕਢੀ ਕਿਆ ਥੀਐ ਜਾ ਚਾਰੇ ਬੈਠੀਆ ਨਾਲਿ॥

ਤਨਿ ਫਿਟੈ ਫੇੜ ਕਰੇਨਿ॥

(ਤਨਿ) ਮਨ ਦੇ ਫਿਟੇ ਹੋਏ (ਫੇੜ) ਭੈੜੇ ਹੀ ਕੰਮ ਕਰਦੇ ਹਨ

ਮਨਿ ਜੂਠੈ ਚੁਲੀ ਭਰੇਨਿ॥

ਮਨ ਦੇ ਤਾਂ ਜੂਠੇ ਹਨ ਮੁਖ ਤੋਂ ੭ ਚੁਲੀਆਂ ਭਰਦੇ ਹਨ।

ਕਹੁ ਨਾਨਕ ਸਚੁ ਧਿਆਈਐ॥
ਸੁਚਿ ਹੋਵੈ ਤਾ ਸਚੁ ਪਾਈਐ॥੨॥

ਸ੍ਰੀ ਗੁਰੂ ਜੀ ਆਖਦੇ ਹਨ ਸਚੇ ਨਾਮ ਨੂੰ ਧਿਆਈਏ ਨਾਮ ਜਪ ਕੇ ਹਿਰਦਾ ਸੁਚਾ ਹੋ ਜਾਵੇ ਤਾਂ ਸਚੇ ਪ੍ਰਮੇਸ਼ਵਰ ਨੂੰ ਪਾਈਦਾ ਹੈ।

ਪਉੜੀ॥

ਚਿਤੈਅੰਦਰਿਸਭੁਕੋਵੇਖਿਨਦਰੀਹੇਠਿਚਲਾਇਦਾ॥

ਸਭ ਕੋਈ ਕਰਤਾਰ ਦੇ ਚੇਤੇ ਅੰਦਰ ਹੈ ਉਹ ਸਾਰਿਆਂ ਨੂੰ ਵੇਖਦਾ ਹੈ ਅਤੇ ਆਪਣੀ ਦ੍ਰਿਸ਼ਟੀ ਹੇਠ ਚਲਾਉਂਦਾ ਹੈ।

ਆਪੇ ਦੇ ਵਡਿਆਈਆ
ਆਪੇ ਹੀ ਕਰਮ ਕਰਾਇਦਾ॥

ਆਪੇ ਹੀ ਗੁਰਮੁਖਾਂ ਤੋਂ ਸ਼ੁਭ ਕਰਮ ਕਰਾਉਂਦਾ ਹੈ ਤੇ ਆਪੇ ਹੀ ਓਹਨਾਂ ਨੂੰ ਵਡਿਆਈ ਦੇਂਦਾ ਹੈ।

ਵਡਹੁਵਡਾਵਡਮੇਦਨੀ ਸਿਰੇਸਿਰਿਧੰਧੈਲਾਇਦਾ॥

ਵਡਿਆਂ ਤੋਂ ਵਡਾ ਕਰਤਾਰ ਹੈ ਜਿਸਦੀ (ਮੇਦਨੀ) ਸ੍ਰਿਸ਼ਟੀ ਭੀ ਵਡੀ ਹੈ ਤੇ ਸਰਬ ਜੀਵਾਂ ਨੂੰ ਭਿੰਨ ੨ ਧੰਧਿਆਂ ਵਿਚ ਲੌਂਦਾ ਹੈ।

ਨਦਰਿਉਪਠੀਜੇਕਰੇਸੁਲਤਾਨਾਘਾਹੁਕਰਾਇਦਾ॥

ਜੇ ਪਰਮੇਸ਼ਰ (ਸੁਲਤਾਨ) ਬਾਦਸ਼ਾਹ ਪਰ ਪੁਠੀ ਨਜ਼ਰ ਕਰ ਦੇਵੇ ਤਾਂ ਉਸਨੂੰ ਭੀ ਘਾਹੀ ਕਰ ਦੇਂਦਾ ਹੈ।

ਦਰਿ ਮੰਗਨਿ ਭਿਖ ਨ ਪਾਇਦਾ॥੧੬॥

ਅਤੇ ਦਰ ਦਰ ਮੰਗਦਿਆਂ ਨੂੰ ਭਿਖਿਆ ਭੀ ਨਹੀਂ ਪੈਣ ਦੇਂਦਾ।

ਸਾਖੀ-ਸ਼ਾਹਜਹਾਨ ਦਾ ਵਡਾ ਪੁਤ੍ਰ ਦਾਰਾਸ਼ਕੋਹ ਬੜਾ ਸ਼ਰੀਫ ਤੇ ਫਕੀਰਾਂ ਦੀ ਸੰਗਤਕਰਨ ਵਾਲਾ ਸੀ ਇਕ ਦਿਨ ਐਸਾ ਸਮਾਂ ਆਯਾ ਉਸਨੂੰ ਸ਼ਾਹਜਹਾਨ ਨੇ ਬਾਦਸ਼ਾਹੀ ਦਾ ਤਖਤ ਦੇ ਦਿਤਾ ਸ਼ਾਹਜਹਾਨ ਦਾ ਛੋਟਾ ਪੁਤਰ ਔਰੰਗਜ਼ੇਬ ਬੜਾ ਜ਼ਾਲਮ ਤੇ ਜਬਰਦਸਤ ਸੀ ਔਰੰਗਜ਼ੇਬ ਨੇ ਜੁਧ ਕਰਕੇ ਦਾਰਾਸ਼ਕੋਹ ਪਾਸੋਂ ਬਾਦਸ਼ਾਹੀ ਖੋਹ ਲੀਤੀ ਅਤੇ ਦਾਰਾਸ਼ਕੋਹ ਨੂੰ ਮਾਰਨਾ ਚਾਹਿਆ ਤਾਂ ਦਾਰਾਸ਼ਕੋਹ ਰਾਤ ਦੇ ਵੇਲੇ ਨਸ ਕੇ ਹੋਰ ਕਿਸੇ ਦੇਸ ਨਿਕਲ ਗਿਆ। ਔਰੰਗ-

ਜੇਬ ਨੇ ਹੁਕਮ ਜਾਰੀ ਕਰ ਦਿਤਾ ਕਿ ਜੋ ਮੇਰੇ ਪਾਸ ਦਾਰਾਸ਼ਕੋਹ ਨੂੰ ਪਕੜਕੇ ਲਿਆਵੇਗਾ ਉਸਨੂੰ ਮੈਂ ਬਹੁਤ ਸਾਰਾ ਇਨਾਮ ਦੇਵਾਂਗਾ ਅਰ ਜੋ ਦਾਰਾਸ਼ਕੋਹ ਨੂੰ ਕੁਛ ਖਾਣ ਵਾਸਤੇ ਦੇਵੇਗਾ ਉਸਨੂੰ ਮੈਂ ਫਾਂਸੀ ਦੀ ਸਜਾ ਦੇਵਾਂਗਾ। ਕਿਤਨੇ ਦਿਨਾਂ ਮਗਰੋਂ ਸਿਪਾਹੀਆਂ ਨੂੰ ਦਾਰਾਸ਼ਕੋਹ ਆਗਰੇ ਵਿਚ ਮਿਲ ਗਿਆ ਤਾਂ ਸਿਪਾਹੀਆਂ ਨੇ ਦਾਰਾਸ਼ਕੋਹ ਦੇ ਹਥਾਂ ਪੈਰਾਂ ਵਿਚ ਹਥੌੜੀਆਂ ਬੇੜੀਆਂ ਪਾ ਕੇ ਦਿੱਲੀ ਵਲ ਲੈ ਤੁਰੇ ਤੇ ਖਾਣ ਵਾਸਤੇ ਕੁਛ ਨਾ ਦਿਤਾ। ਰਸਤੇ ਵਿਚ ਦਾਰਾਸ਼ਕੋਹ ਨੂੰ ਬੜੀ ਭੁਖ ਲਗੀ ਤੇ ਜਦ ਛੋਲਿਆਂ ਦਾ ਖੇਤ ਆਇਆ ਤਾਂ ਦਾਰਾਸ਼ਕੋਹ ਕਹਿਣ ਲਗਾ ਕਿ ਮੈਨੂੰ ਪਿਸ਼ਾਬ ਆਇਆ ਹੈ ਤਾਂ ਸਿਪਾਹੀਆਂ ਨੇ ਛੋਲਿਆਂ ਦੇ ਖੇਤ ਵਿਚ ਬਿਠਾ ਦਿਤਾ। ਦਾਰਾਸ਼ਕੋਹ ਨੇ ਛੋਲੀਏ ਦੇ ਡੱਡੇ ਪਤਰਾਂ ਸਹਿਤ ਮੂੰਹ ਨਾਲ ਤੋੜ ਕੇ ਖਾਧੇ ਅਤੇ ਫੇਰ ਦਾਰਾਸ਼ਕੋਹ ਦਿਲੀ ਵਿਚ ਪਹੁੰਚਿਆ ਓਥੇ ਇਕ ਮੁਸਲਮਾਨੀ ਭਠਿਆਰਨ ਰੋਟੀਆਂ ਪਕਾਉਂਦੀ ਸੀ ਉਸ ਨੂੰ ਦਾਰਾਸ਼ਕੋਹ ਕਹਿਣ ਲਗਾ ਹੇ ਮਾਈ ਮੈਂ ਦਾਰਾਸ਼ਕੋਹ ਸੁਲਤਾਨ ਹਾਂ ਮੈਨੂੰ ਬੜੀ ਭੁਖ ਲਗੀ ਹੈ ਮੈਨੂੰ ਇਕ ਰੋਟੀ ਤੂੰ ਜ਼ਰੂਰ ਦੇ ਦੇ ਤਾਂ ਭਠਿਆਰਨ ਬੋਲੀ ਜੇਕਰ ਮੈਂ ਫਾਂਸੀ ਮਿਲਣਾ ਹੋਵੇ ਤਾਂ ਮੈਂ ਤੈਨੂੰ ਰੋਟੀ ਦੇਵਾਂ, ਭਾਵ—ਭਠਿਆਰਨ ਨੇ ਦਾਰਾਸ਼ਕੋਹ ਨੂੰ ਰੋਟੀ ਨਾ ਦਿਤੀ।

—o—-

ਉਥਾਨਕਾ—ਲਾਹੌਰ ਵਿਖੇ ਗੰਗੂ ਨਾਮ ਤੇ ਭਾਗੂ ਨਾਮ ਕਰਕੇ ਦੋ ਰਾਜ ਦਰਬਾਰ ਦੇ ਐਹਲਕਾਰ ਸਨ ਉਹਨਾਂ ਨੇ ਜ਼ਬਰ-ਦਸਤੀ ਦੁਧ ਤੇ ਦਹੀਂ ਇਕਤ੍ਰ ਕਰਕੇ ਆਪਣੇ ਪਿਤਾ ਦਾ ਸਰਾਧ

ਕੀਤਾ ਤੇ ਓਹ ਦੋਵੇਂ ਰਿਸ਼ਵਤ ਭੀ ਲੈਂਦੇ ਸਨ। ਇਸ ਕੌਤਕ ਨੂੰ ਦੇਖਦੇ ਹੋਇਆਂ ਸ੍ਰੀ ਗੁਰੂ ਜੀ ਨੇ ਏਹ ਸ਼ਲੋਕ ਉਚਾਰਨ ਕੀਤਾ।

ਸਲੋਕੁ ਮਃ ੧ ॥

ਜੇਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥

ਜੇਕਰ (ਮੋਹਾਕਾ) ਠਗ ਕਿਸੇ ਦੇ ਘਰ ਨੂੰ (ਮੁਹੈ)ਲੁਟਕੇ ਘਰ (ਮੁਹਿ) ਵਿਚ ਪਿਤਰਾਂ ਨਮਿਤ ਦੇਵੇ।

ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥

ਤਦ ਅਗੇ ਪ੍ਰਲੋਕ ਵਿਚ ਚੋਰੀ ਦੀ ਵਸਤੂ ਪਛਾਨੀ ਜਾਵੇਗੀ ਤਾਂਤੇ ਓਹ ਠਗ ਪਿਤਰਾਂ ਨਮਿਤ ਦੇਣ ਵਾਲਾ ਆਪਣੇ ਪਿਤਰਾਂ ਨੂੰ ਭੀ ਚੋਰ ਬਣਾਵਣਾ ਕਰੇਗਾ।

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥

ਸੰਕਲਪ ਕਰੌਣ ਵਾਲੇ (ਦਲਾਲ) ਬ੍ਰਾਹਮਣ ਦੇ ਹਥ ਭੀ ਵਢੇ ਜਾਣਗੇ ਧਰਮ ਰਾਜ ਇਉਂ ਇਨਸਾਫ ਕਰੇਗਾ, ਭਾਵ–ਜੋ ਬ੍ਰਾਹਮਣ ਜਜਮਾਨ ਨੂੰ ਇਉਂ ਆਖਦਾ ਹੈ ਕਿ:–ਬਲ ਕਰ ਛਲ ਕਰ ਬੁਧਿ ਕਰ ਜਰੂਰ ਬ੍ਰਾਹਮਣ ਮੁਖ ਦੇਇ ॥ ਪਰੰਤੂ

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥

ਸ੍ਰੀ ਗੁਰੂ ਜੀ ਆਖਦੇ ਹਨ ਅਗੇ ਪਿਤਰਾਂ ਨੂੰ ਸੋ ਵਸਤੂ ਮਿਲਦੀ ਹੈ ਜੋ ਖਟ (ਘਾਲੇ) ਕਮਾਕੇ ਦੇਵੇ । ਪ੍ਰਮਾਨ:–ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥

ਮਃ ੧ ॥

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥

ਜਿਉਂ ਜੋਰੂ ਨੂੰ ਸਿਰਨਾਵਣੀ (ਵਾਰੋ ਵਾਰ)ਮਹੀਨੇ ਮਗਰੋਂ ਆਵੇ ਹੈਂ, ਤਦੋਂ ਅਪਵਿਤ੍ਰ ਸਮਝੀ ਜਾਂਦੀ ਹੈ।

ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥

ਤਿਉਂ ਹੀ ਜਿਨ੍ਹਾਂ ਜੂਠਿਆਂ ਦੇ ਮੂੰਹ ਵਿਚ ਸਦਾ ਹੀ ਜੂਠ ਵਸਦੀ ਹੈ ਓਹ ਨਿਤਾ ਪ੍ਰਤੀ (ਖੁਆਰੁ) ਅਪਵਿਤ੍ਰਹੋਏ ਰੈਂਹਦੇਹਨ।

ਸੂਚੇਏਹਿ ਨ ਆਖੀਅਹਿਬਹਨਿ ਜਿ ਪਿੰਡਾ ਧੋਇ॥

ਇਸਤਰਾਂ ਓਹ ਪੁਰਖ ਸੁਚੇ ਨਹੀਂ ਆਖੀਦੇ ਜੋ ਪਿੰਡੇ ਨੂੰ ਹਛੀ ਤਰ੍ਹਾਂ ਧੋਕੇ ਬਹਿ ਜਾਨ, ਪ੍ਰਮਾਨ—ਕਾਂਇਆਂ ਮਾਂਜਸਿ ਕਉਨ ਗੁਨਾਂ॥ ਜਉ ਘਟਿ ਭੀਤਰਿ ਹੈ ਮਲਨਾਂ।

ਸੂਚੇ ਸੇਈ ਨਾਨਕਾ ਜਿਨ ਮਨਿਵਸਿਆਸੋਇ॥੨॥

ਸ੍ਰੀ ਗੁਰੂ ਜੀ ਆਖਦੇ ਹਨ ਸਚੇ ਸੋ ਪੁਰਖ ਹਨ ਜਿਨ੍ਹਾਂ ਦੇ ਮਨ ਵਿਚ[ਸੋਇ]ਕਰਤਾਰ ਦਾ ਨਾਮ ਸਵਾਸ ਸਵਾਸ ਵਸਿਆ ਹੈ।

ਪਉੜੀ ॥ ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥

[ਪਲਾਣੇ] ਕਾਠੀਆਂ ਨਾਲ ਕਸੇ ਹੋਏ ਪਉਣ ਦੀ ਚਾਲ ਵਾਲੇ [ਤੁਰੇ] ਘੋੜੇ ਅਤੇ ਹਰ ਇਕ ਰੰਗਾਂ ਦੇ ਕਪੜਿਆਂ ਨਾਲ ਸਵਾਰੀਆਂ ਹੋਈਆਂ [ਹਰਮ] ਇਸਤ੍ਰੀਆਂ।

ਕੋਠੇਮੰਡਪਮਾੜੀਆਲਾਇ ਬੈਠੇਕਰਿਪਾਸਾਰਿਆ॥

ਕੋਠੇ [ਮੰਡਪ] ਮਹਿਲ [ਮਾੜੀਆ] ਅਟਾਰੀਆਂ ਦੇ ਵਿਚ ਚਿਤ ਲਾਇ ਕਰ ਪਸਾਰੇ ਕਰੀ ਬੈਠੇ ਹਨ।

ਚੀਜ ਕਰਨਿ ਮਨਿ ਭਾਵਦੇ
ਹਰਿ ਬੁਝਨਿ ਨਾਹੀ ਹਾਰਿਆ॥

ਅਤੇ ਮਨ ਭਾਂਵਦੇ [ਚੀਜ] ਕੌਤਕ ਕਰਦੇ ਹਨ ਪਦਾਰਥਾਂ ਦੇ ਹਰਾਏ ਹੋਏ ਹਰੀ ਨੂੰ ਬੁਝਦੇ ਨਹੀਂ।

ਕਰਿ ਫੁਰਮਾਇਸਿ ਖਾਇਆ
ਵੇਖਿ ਮਹਲਤਿ ਮਰਣੁ ਵਿਸਾਰਿਆ॥

ਅਤੇ ਗਰੀਬਾਂ ਪਰ ਫੁਰਮਾਇਸ ਕਰਕੇ ਆਪ ਖਾਂਦਾ ਹੈ ਅਤੇ ਮਹੱਲਾਂ ਨੂੰ ਵੇਖ ਕੇ ਮਰਨਾ ਵਿਸਾਰ ਛਡਿਆ ਹੈ।

ਜਰੁ ਆਈ ਜੋਬਨਿ ਹਾਰਿਆ॥ ੧੭॥

ਉਨ੍ਹਾਂ ਦੇ ਸਿਰ ਤੇ ਜਦ [ਜਰੁ] ਬੁਢੇਪਾ ਆਇਆ ਤਾਂ ਜੁਆਨੀ ਵਲੋਂ ਸਰੀਰ ਹਾਰ ਗਿਆ।

ਸਲੋਕੁ ਮ: ੧॥

ਉਥਾਨਕਾ—ਦਿੱਲੀ ਵਿਖੇ ਇਕ ਗ੍ਰਹਸਥੀ ਭਗਤ ਨੇ ਸਾਰਿਆਂ ਬ੍ਰਾਹਮਣਾਂ ਨੂੰ ਨਿਉਤਾ ਦਿਤਾ ਤੇ ਬਾਲੇ ਮਰਦਾਨੇ ਸਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਨਿਉਤਾ ਦਿਤਾ,ਜਦੋਂ ਭੋਜਨ ਤਿਆਰ ਹੋ ਗਿਆ ਤਾਂ ਉਸ ਗ੍ਰਹਸਥੀ ਦੇ ਪੋਤਰੇ ਦਾ ਜਨਮਹੋਇਆਤਾਂ ਪੰਡਤਾਂ ਨੇ ਭੋਜਨ ਛਕਨ ਤੋਂ ਇਨਕਾਰ ਕਰ ਦਿਤਾ। ਗ੍ਰਹਸਥੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਬੇਨਤੀ ਕੀਤੀ ਹੇ ਮਹਾਰਾਜ! ਭੋਜਨ ਤਿਆਰ ਹੈ ਪਰੰਤੂ ਇਸ ਵੇਲੇ ਮੇਰੇ ਪੋਤਰੇ ਦਾ ਜਨਮ ਵੀ ਹੋਯਾ ਹੈ ਅਰ ਮੇਰਾ ਪੁਤ੍ਰ ਦੂਸਰੇ ਮਹੱਲੇ ਵਿਚ ਮੇਰੇਕੋਲੋਂ ਅਲਗ ਰਹਿੰਦਾ ਹੈ ਤਾਂ ਸ੍ਰੀ ਗੁਰੂ ਜੀ ਨੇ ਵਿਚਾਰਿਆ ਇਕ ਤਾਂ ਇਸਦਾ

ਧਨ ਨਿਸਫਲ ਜਾਵੇਗਾ ਦੂਸਰਾ ਨਾ ਜਾਣ ਨਾਲ ਅੰਨਦੀ ਨਿਰਾਦਰੀ ਭੀ ਹੋਵੇਗੀ ਤਾਂ ਬਾਲੇ ਮਰਦਾਨੇ ਸਹਿਤ ਸ੍ਰੀ ਗੁਰੂ ਜੀ ਭੰਡਾਰੇ ਤੋਂ ਭੋਜਨ ਛਕ ਆਏ, ਉਪ੍ਰੰਤ ਸ੍ਰੀ ਗੁਰੂ ਜੀ ਨੂੰ ਪੰਡਿਤ ਕਹਿਨ ਲਗੇ ਤੁਸੀਂ ਆਪਣੇ ਤਾਈਂ ਹਿੰਦੂਆਂ ਦੇ ਗੁਰਦੇਵ ਅਖਵਾਂਦੇ ਹੋ ਤੇ ਸੂਤਕ ਵਾਲੇ ਗ੍ਰਿਹ ਤੋਂ ਭੋਜਨ ਛਕਦੇ ਹੋ ਇਹ ਤੁਸੀਂ ਚੰਗਾ ਨਹੀਂ ਕਰਦੇ ਤਾਂ ਸ੍ਰੀ ਗੁਰੂ ਜੀ ਨੇ ਇਸ ਸਲੋਕ ਵਿਚ ਉਤ੍ਰ ਦਿਤਾ:-

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥

ਜੇਕਰ ਜਨਮ ਕਾਲ ਦਾ ਸੂਤਕ ਮੰਨੀਐ ਤਾਂ ਸਭ ਵਸਤੂਆਂ ਵਿਚ ਸੂਤਕ ਹੈ।

ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥

ਗੋਹਿਆਂ ਅਤੇ ਲਕੜੀਆਂ ਅੰਦਰ ਭੀ ਕੀੜੇ ਹਨ, ਭਾਵ-ਉਨ੍ਹਾਂ ਕੀੜਿਆਂ ਦੇ ਜਲਨੇ ਤੋਂ ਪਾਤਕ ਹੁੰਦਾ ਹੈ।

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥

ਜਿਤਨੇ ਅਨਾਜ ਦੇ ਦਾਣੇ ਹਨ ਇਨਾਂ ਵਿਚ ਕੋਈ ਭੀ ਜੀਵ ਤੋਂ ਬਿਨਾਂ ਨਹੀਂ ਹੈ।

ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ ॥

ਪਹਿਲਾਂ ਤਾਂ ਪਾਣੀ ਵਿਚ ਹੀ ਅਨੇਕਾਂ ਜੀਅ ਹਨ ਜਿਸ ਪਾਣੀ ਨਾਲ ਸਭ ਕੋਈ ਹਰਿਆ ਦਿਸਦਾ ਹੈ।

ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥

ਜਨਮ ਮਰਨ ਦਾ ਸੂਤਕ ਕਿਸ ਪ੍ਰਕਾਰ ਹਟਾ ਕੇ ਰਖੀਏ?

ਸੂਤਕ ਤਾਂ ਮੱਲੋ ਮਲੀ ਰਸੋਈ ਵਿਚ ਪੈ ਜਾਂਦਾ ਹੈ।

ਨਾਨਕ ਸੂਤਕੁ ਏਵ ਨ ਉਤਰੈ
ਗਿਆਨੁ ਉਤਾਰੇ ਧੋਇ ॥ ੧ ॥

ਸ੍ਰੀ ਗੁਰੂ ਜੀ ਆਖਦੇ ਹਨ ਸੂਤਕ ਇਸ ਪ੍ਰਕਾਰ ਨਹੀਂ ਉਤਰਦਾ ਸੂਤਕ ਨੂੰ ਤਾਂ ਗਿਆਨ ਹੀ ਧੋਕੇ ਉਤਾਰੇ ਤਾਂ ਉਤਰਦਾ ਹੈ।

ਮਃ ੧ ॥

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥

ਲੋਭ ਕਰਨ ਕਰਕੇ ਮਨ ਨੂੰ ਸੂਤਕ ਪੈ ਜਾਂਦਾ ਹੈ, ਝੂਠ ਬੋਲਨੇ ਕਰਕੇ ਜਿਹਵਾ ਨੂੰ ਸੂਤਕ ਲਗ ਜਾਂਦਾ ਹੈ।

ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪੁ ॥

ਪਰਾਇਆ ਧਨ ਅਤੇ ਪ੍ਰਾਈ ਇਸਤ੍ਰੀ ਦਾ ਰੂਪ ਮੰਦ ਦ੍ਰਿਸ਼ਟੀ ਨਾਲ ਵੇਖਣ ਕਰਕੇ ਅਖਾਂ ਵਿਚ ਸੂਤਕ ਪੈ ਜਾਂਦਾ ਹੈ। ਪ੍ਰਮਾਨ—ਪਰ ਨਾਰੀ ਕੇ ਭਜੇ ਸਹਸ*ਬਾਸਵਭਗਪਾਏ।ਪਰਨਾਰੀਕੇ ਭਜੇ ਚੰਦ੍ਰ ਕਾਲੰਕ ਲਗਾਏ। ਪਰਨਾਰੀ ਕੇ ਹੇਤ ਸੀਸ ਦਸਸੀਸ ਗਵਾਯੋ। ਹੋ ਪਰਨਾਰੀ ਕੇ ਹੇਤੁ †ਕਟਕ ਕਵਰਨਕੋਘਾਯੋ। ਪਰ ਨਾਰੀ ਸਿਉਂ ਨੇਉਂ ਛੁਰੀ ‡ਪੈਨੀ ਕਰਿ ਜਾਨਹੁ। ਪਰ ਨਾਰੀ ਕੇ ਭਜੇ ਕਾਲ ਬਜਾਪਯੋ ਤਨੁ ਮਾਨਹੁ॥

ਕੰਨੀ ਸੂਤਕੁ ਕੰਨਿ ਪੈ ਲਾਇ ਤਬਾਰੀ ਖਾਹਿ ॥

(ਲਾਇਤਬਾਰੀ) ਚੁਗਲੀ ਕੰਨਾਂ ਪਾਸ ਸੁਣਨੀ ਸੋ ਕੰਨਾਂ ਵਿਚ ਸੂਤਕ ਪੈ ਜਾਂਦਾ ਹੈ।

---

*ਇੰਦ੍ਰ। †ਸੈਨਾ। ‡ਤ੍ਰਿਖੀ।

ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥੨॥

ਸ੍ਰੀ ਗੁਰੂ ਜੀ ਆਖਦੇ ਹਨ ਇਨਾਂ ਸੂਤਕਾਂ ਵਾਲਾ [ਹੰਸਾ] ਐਸੇ ਆਦਮੀ ਨਰਕ ਪੁਰੀ ਨੂੰ ਬਧੇ ਚਲੇ ਜਾਣਗੇ।

ਮਃ ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥

[ਭਰਮੁ] ਅਗਿਆਨਤਾ ਹੀ ਸਾਰਾ ਸੂਤਕ ਹੈ ਜਿਸ ਕਰਕੇ ਜੀਵ ਦਵੈਤ ਭਾਵ ਵਿਚ ਲਗਾ ਜਾ ਰਿਹਾ ਹੈ।

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

ਕਰਤਾਰ ਦੇ ਹੁਕਮ ਨਾਲ ਜੀਵ ਜੰਮ ਕੇ ਆਉਂਦਾ ਹੈ ਤੇ ਕਰਤਾਰ ਦੇ ਭਾਣੇ ਨਾਲ ਮਰ ਕੇ ਚਲਾ ਜਾਂਦਾ ਹੈ।

ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ ॥

ਜੋ ਕਰਤਾਰ ਨੇ ਰਿਜਕ [ਸੰਬਾਹਿ] ਪੁਚਾ ਦਿਤਾ ਹੈ ਸੋ ਖਾਣਾ ਪੀਣਾ ਪਵਿਤ੍ਰ ਹੈ।

ਨਾਨਕ ਜਿਨੀ ਗੁਰਮੁਖਿ ਬੁਝਿਆ
ਤਿਨਾ ਸੂਤਕੁ ਨਾਹਿ ॥ ੨ ॥

ਸ੍ਰੀ ਗੁਰੂ ਜੀ ਆਖਦੇ ਹਨ ਜਿਨ੍ਹਾਂ ਨੇ ਗੁਰਾਂ ਦਵਾਰੇ ਬ੍ਰਹਮ ਗਿਆਨ ਨੂੰ ਬੁਝਿਆ ਹੈ ਤਿਨ੍ਹਾਂ ਨੂੰ ਕੋਈ ਵੀ ਸੂਤਕ ਨਹੀਂ ਲਗਦਾ।

ਪਉੜੀ ॥ ਸਤਿਗੁਰ ਵਡਾ ਕਰਿ ਸਾਲਾਹੀਐ
ਜਿਸੁ ਵਿਚਿ ਵਡੀਆ ਵਡਿਆਈਆ ॥

ਜਿਸ ਸਤਿਗੁਰੂ ਵਿਚ ਵਡੀਆਂ ਵਡਿਆਈਆਂ ਹਨ ਤਿਸ ਸਤਿਗੁਰੂ ਨੂੰ ਵਡਾ ਜਾਣ ਕਰਕੇ ਸਲਾਹੀਏ।

ਸਹਿ ਮੇਲੇ ਤਾ ਨਦਰੀ ਆਈਆ ॥

ਸਹਿ ਪ੍ਰਮੇਸ਼ਰ ਜਿਸਨੂੰ ਗੁਰੂ ਨਾਲ ਮੇਲੇ ਤਿਸਨੂੰ ਗੁਰਾਂ ਦੀਆਂ ਵਡਿਆਈਆਂ ਨਦਰਿ ਆਂਵਦੀਆਂ ਹਨ।

ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥

ਜਦ ਉਸ ਸਤਿਗੁਰਾਂ ਦਾ ਭਾਣਾ ਮੰਨੀਏ ਤਦ ਵਡਿਆ-ਈਆਂ ਮਨ ਵਿਚ ਵਸਦੀਆਂ ਹਨ।

ਕਰਿ ਹੁਕਮੁ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ ॥

ਸਤਿਗੁਰੂ ਨੇ ਸਿਖ ਦੇ ਮਥੇ ਤੇ ਹਥ ਧਰ ਕੇ [ਹੁਕਮੁ] ਉਪਦੇਸ਼ ਕਰਕੇ ਅਤੇ ਹਿਰਦੇ ਵਿਚੋਂ ਬੁਰਿਆਈਆਂ ਨੂੰ ਮਾਰ ਕੇ ਕਢ ਦਿਤਾ।

ਸਹਿ ਤੁਠੈ ਨਉ ਨਿਧਿ ਪਾਈਆ ॥੧੯॥

[ਸਹਿ] ਪ੍ਰਮੇਸ਼ਰ ਪ੍ਰਸੰਨ ਹੋਵੇ ਤਾਂ ਨੌ-ਨਿਧੀਆਂ ਪਾਈਦੀਆਂ ਹਨ॥ ੧੯ ॥

ਸਲੋਕੁ ਮ: ੧ ॥

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥

ਪਹਿਲਾਂ ਆਪ ਅਸ਼ਨਾਨ ਕਰਕੇ ਸੁਚਾ ਹੋਇਆ ਤੇ ਸੁਚੇ ਚੌਂਕੇ ਵਿਚ ਆਇ ਬੈਠਾ।

ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ।

ਫੇਰ ਸੁਚੇ ਹੀ ਰਸੋਈਏ ਨੇ ਥਾਲ ਪਰੋਸ ਕੇ ਅਗੇ ਆਨ

ਰਖਿਆ ਤਿਸ ਭੋਜਨ ਨੂੰ ਕਿਸੇ ਭੀ ਨਹੀਂ ਜਾਕੇ ਛੋਹਿਆ ਸੀ।

ਸੁਚਾ ਹੋਇਕੈ ਜੇਵਿਆ ਲਗਾ ਪੜਣਿ ਸਲੋਕੁ॥

ਫੇਰ ਭੀ ਸੁਚਾ ਹੋਇਕੇ, ਭਾਵ--ਹਥਾਂ ਨੂੰ ਧੋ ਕੇ ਭੋਜਨ ਛਕਿਆ ਮਗਰੋਂ ਸਲੋਕ ਪੜ੍ਹਨ ਲਗਾ।

ਸਲੋਕ—ਅਨ੍ਹਾਦ ਭਵੰਤਿ ਭੂਤਾਨਿ ਪ੍ਰਨਜਾ ਦਨ੍ਹ ਸੰਭਵ:
ਯਗਯਾਦ ਭਵਤਿ ਪ੍ਰਜਨਯੋ ਯਗਯ, ਕਰਮ ਸਮੁਦ ਭਵ:

ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ॥

ਓਹੀ ਖਾਧਾ ਹੋਇਆ ਅੰਨ ਦੂਜੇ ਦਿਨ (ਕੁਹਥੀ) ਖੋਟੀ ਥਾਂ ਤੇ ਜਾਇਕੇ ਸੁਟ ਆਇਆ ਇਹ ਦੋਖ ਕਿਸਨੂੰ ਲਗਾ।

ਅੰਨੁ ਦੇਵਤਾ ਪਾਨੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥

ਕਿਉਂਕਿ ਅਨ ਭੀ ਦੇਵਤਾ, ਪਾਣੀ ਭੀ ਦੇਵਤਾ, ਅਗਨ ਭੀ ਦੇਵਤਾ, ਲੂਣ ਅਤੇ ਪੰਜਵਾਂ ਜਦ ਘਿਰਤੁ ਪਾਇਆ।

ਤਾ ਹੋਆ ਪਾਕੁ ਪਵਿਤੁ॥

ਤਦੋਂ (ਪਾਕੁ) ਭੋਜਨ ਪਵਿਤ੍ਰ ਹੋਇਆ ਸੀ।

ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥

ਐਸਾ ਪਵਿਤ੍ਰ ਭੋਜਨ ਜਦ ਪਾਪ ਰੂਪੀ ਤਨ ਸਾਥ (ਗਡਿਆ) ਮਿਲਿਆ ਉਪਰੰਤ ਉਸੇ ਤੇ ਥੁਕਾਂ ਪਈਆਂ।

ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥

ਜਿਸ ਮੁਖ ਤੋਂ ਕਰਤਾਰ ਦੇ ਨਾਮ ਨੂੰ ਨ ਉਚਾਰੇ, ਨਾਮ

ਜਪੇ ਤੋਂ ਬਿਨਾਂ ਰੱਸ ਆਦਿਕ ਜੋ ਖਾਂਦਾ ਹੈ।

ਨਾਨਕ ਏਵੈ ਜਾਨੀਐ ਤਿਤੁਮੁਖਿਥੁਕਾਪਾਹਿ॥੧॥

ਸ੍ਰੀ ਗੁਰੂ ਜੀ ਆਖਦੇ ਹਨ ਇਸ ਤਰ੍ਹਾਂ ਜਾਣੋ ਤਿਸਦੇ ਮੁਖ ਤੇ ਲਾਨਤਾਂ ਰੂਪੀ ਥੁਕਾਂ ਹੀ ਪੈ ਰਹੀਆਂ ਹਨ। ਪ੍ਰਮਾਨ—

ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ।
ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ।

ਉਥਾਨਕਾ—ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜੁ॥ ਇਕਿ ਰਾਹੇ ਦੇ ਰਹਿ ਗਏ ਇਕਿ ਰਾਧੀ ਗਏ ਉਜਾੜ॥ ਜਦ ਇਹ ਸਲੋਕ ਫਰੀਦ ਜੀ ਨੇ ਉਚਾਰਿਆ ਤਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ—ਹੇ ਫਰੀਦ! ਤੂੰ ਇਸਤ੍ਰੀ ਜਾਤੀ ਨੂੰ ਮੰਦਾ ਕਿਉਂ ਆਖਦਾ ਹੈਂ, ਜਿਸ ਤੋਂ ਰਿਸ਼ੀ, ਮੁਨੀ, ਸੰਤ ਤੇ ਭਗਤ ਜਨਮਦੇ ਹਨ।

ਮਃ ੧ ॥ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥

ਪਹਿਲੇ (ਭੰਡਿ) ਇਸਤ੍ਰੀ ਉਦਰ ਵਿਚ ਨਿੰਮਦੀ ਹੈ ਫੇਰ ਇਸਤ੍ਰੀ ਜਨਮਦੀ ਹੈ ਇਸਤ੍ਰੀ ਕਰਕੇ ਮੰਗੇਵਾਂ ਤੇ ਵਿਆਹ ਹੁੰਦਾਹੈ।

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਫੇਰ ਉਸੀ ਇਸਤ੍ਰੀ ਨਾਲ ਮਿਤ੍ਰਤਾਈ ਹੁੰਦੀ ਹੈ ਕਿਉਂਕਿ ਇਸਤ੍ਰੀ ਨਾਲ ਹੀ ਰਹੁਰੀਤੀ ਚਲਦੀ ਹੈ, ਭਾਵ ਸੰਤਾਨ ਉਤਪੰਨ ਹੁੰਦੀ ਹੈ।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥

ਪਹਿਲੀ ਇਸਤ੍ਰੀ ਮਰ ਜਾਵੇ ਤਾਂ ਦੂਸਰੀ ਇਸਤ੍ਰੀ

ਧਨ ਨਿਸਫਲਜਾਵੇਗਾ ਦੂਸਰਾ ਨਾ ਜਾਣ ਨਾਲ ਅੰਨਦੀ ਨਿਰਾਦਰੀ ਭੀ ਹੋਵੇਗੀ ਤਾਂ ਬਾਲੇ ਮਰਦਾਨੇ ਸਹਿਤ ਸ੍ਰੀ ਗੁਰੂ ਜੀ ਭੰਡਾਰੇ ਤੋਂ ਭੋਜਨ ਛਕ ਆਏ, ਉਪ੍ਰੰਤ ਸ੍ਰੀ ਗੁਰੂ ਜੀ ਨੂੰ ਪੰਡਿਤ ਕਹਿਨਲਗੇ ਤੁਸੀਂ ਆਪਣੇ ਤਾਈਂ ਹਿੰਦੂਆਂ ਦੇ ਗੁਰਦੇਵ ਅਖਵਾਂਦੇ ਹੋ ਤੇਸੂਤਕ ਵਾਲੇ ਗ੍ਰਿਹ ਤੋਂ ਭੋਜਨ ਛਕਦੇ ਹੋ ਇਹ ਤੁਸੀਂ ਚੰਗਾ ਨਹੀਂ ਕਰਦੇ ਤਾਂ ਸ੍ਰੀ ਗੁਰੂ ਜੀ ਨੇ ਇਸ ਸਲੋਕ ਵਿਚ ਉਤ੍ਰ ਦਿਤਾ:—

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥

ਜੇਕਰ ਜਨਮ ਕਾਲ ਦਾ ਸੂਤਕ ਮੰਨੀਐ ਤਾਂ ਸਭ ਵਸਤੂਆਂ ਵਿਚ ਸੂਤਕ ਹੈ।

ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ ॥

ਗੋਹਿਆਂ ਅਤੇ ਲਕੜੀਆਂ ਅੰਦਰ ਭੀ ਕੀੜੇ ਹਨ, ਭਾਵ— ਉਨ੍ਹਾਂ ਕੀੜਿਆਂ ਦੇ ਜਲਨੇ ਤੋਂ ਪਾਤਕ ਹੁੰਦਾ ਹੈ।

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥

ਜਿਤਨੇ ਅਨਾਜ ਦੇ ਦਾਣੇ ਹਨ ਇਨਾਂ ਵਿਚ ਕੋਈ ਭੀ ਜੀਵ ਤੋਂ ਬਿਨਾਂ ਨਹੀਂ ਹੈ।

ਪਹਿਲਾ ਪਾਣੀ ਜੀਉ ਹੈ
ਜਿਤੁ ਹਰਿਆ ਸਭੁ ਕੋਇ ॥

ਪਹਿਲਾਂ ਤਾਂ ਪਾਣੀ ਵਿਚ ਹੀ ਅਨੇਕਾਂ ਜੀਅ ਹਨ ਜਿਸ ਪਾਣੀ ਨਾਲ ਸਭ ਕੋਈ ਹਰਿਆ ਦਿਸਦਾ ਹੈ।

ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥

ਜਨਮ ਮਰਨ ਦਾ ਸੂਤਕ ਕਿਸ ਪ੍ਰਕਾਰ ਹਟਾ ਕੇਰਖੀਏ?

ਸੂਤਕ ਤਾਂ ਮੱਲੋ ਮਲੀ ਰਸੋਈ ਵਿਚ ਪੈ ਜਾਂਦਾ ਹੈ।

ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥ ੧ ॥

ਸ੍ਰੀ ਗੁਰੂ ਜੀ ਆਖਦੇ ਹਨ ਸੂਤਕ ਇਸ ਪ੍ਰਕਾਰ ਨਹੀਂ ਉਤਰਦਾ ਸੂਤਕ ਨੂੰ ਤਾਂ ਗਿਆਨ ਹੀ ਧੋਕੇ ਉਤਾਰੇ ਤਾਂ ਉਤਰਦਾ ਹੈ।

ਮਃ ੧ ॥

ਮਨਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥

ਲੋਭ ਕਰਨ ਕਰਕੇ ਮਨ ਨੂੰ ਸੂਤਕ ਪੈ ਜਾਂਦਾ ਹੈ, ਝੂਠ ਬੋਲਨੇ ਕਰਕੇ ਜਿਹਵਾ ਨੂੰ ਸੂਤਕ ਲਗ ਜਾਂਦਾ ਹੈ।

ਅਖੀ ਸੂਤਕੁ ਵੇਖਣਾ ਪਰਤ੍ਰਿਅ ਪਰਧਨ ਰੂਪੁ ॥

ਪਰਾਇਆ ਧਨ ਅਤੇ ਪ੍ਰਾਈ ਇਸਤ੍ਰੀ ਦਾ ਰੂਪ ਮੰਦ ਦ੍ਰਿਸ਼ਟੀ ਨਾਲ ਵੇਖਣ ਕਰਕੇ ਅਖਾਂ ਵਿਚ ਸੂਤਕ ਪੈ ਜਾਂਦਾ ਹੈ। ਪ੍ਰਮਾਨ--ਪਰ ਨਾਰੀ ਕੇ ਭਜੇ ਸਹਸ*ਬਾਸਵਭਗਪਾਇਪਰਨਾਰੀਕੇ ਭਜੇ ਚੰਦ੍ਰ ਕਾਲੰਕ ਲਗਾਇ। ਪਰਨਾਰੀ ਕੇ ਹੇਤ ਸੀਸ ਦਸਸੀਸ ਗਵਾਯੋ। ਹੋ ਪਰਨਾਰੀ ਕੇ ਹੇਤੁ †ਕਟਕ ਕਵਰਨਕੋਘਾਯੋ। ਪਰ ਨਾਰੀ ਸਿਉਂ ਨੇਉਂ ਛੁਰੀ ‡ਪੈਨੀ ਕਰਿ ਜਾਨਹੁ। ਪਰ ਨਾਰੀ ਕੇ ਭਜੇ ਕਾਲ ਬਜਾਪਯੋ ਤਨੁ ਮਾਨਹੁ॥

ਕੰਨੀ ਸੂਤਕੁ ਕੰਨਿ ਪੈ ਲਾਇ ਤਬਾਰੀ ਖਾਹਿ॥

(ਲਾਇਤਬਾਰੀ) ਚੁਗਲੀ ਕੰਨਾਂ ਪਾਸ ਸੁਣਨੀ ਸੋ ਕੰਨਾਂ ਵਿਚ ਸੂਤਕ ਪੈ ਜਾਂਦਾ ਹੈ।

---

*ਇੰਦ੍ਰ। †ਸੈਨਾ। ‡ਤ੍ਰਿਖੀ।

ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥੨॥

ਸ੍ਰੀ ਗੁਰੂ ਜੀ ਆਖਦੇ ਹਨ ਇਨਾਂ ਸੂਤਕਾਂ ਵਾਲਾ [ਹੰਸਾ] ਐਸੇ ਆਦਮੀ ਨਰਕ ਪੁਰੀ ਨੂੰ ਬਧੇ ਚਲੇ ਜਾਣਗੇ।

ਮਃ ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥

[ਭਰਮੁ] ਅਗਿਆਨਤਾ ਹੀ ਸਾਰਾ ਸੂਤਕ ਹੈ ਜਿਸ ਕਰਕੇ ਜੀਵ ਦਵੈਤ ਭਾਵ ਵਿਚ ਲਗਾ ਜਾ ਰਿਹਾ ਹੈ।

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

ਕਰਤਾਰ ਦੇ ਹੁਕਮ ਨਾਲ ਜੀਵ ਜੰਮ ਕੇ ਆਉਂਦਾ ਹੈ ਤੇ ਕਰਤਾਰ ਦੇ ਭਾਣੇ ਨਾਲ ਮਰ ਕੇ ਚਲਾ ਜਾਂਦਾ ਹੈ।

ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥

ਜੋ ਕਰਤਾਰ ਨੇ ਰਿਜਕ [ਸੰਬਾਹਿ] ਪੁਚਾ ਦਿਤਾ ਹੈ ਸੋ ਖਾਣਾ ਪੀਣਾ ਪਵਿਤ੍ਰ ਹੈ।

ਨਾਨਕ ਜਿਨੀ ਗੁਰਮੁਖਿ ਬੁਝਿਆ
ਤਿਨਾ ਸੂਤਕੁ ਨਾਹਿ ॥ ੨ ॥

ਸ੍ਰੀ ਗੁਰੂ ਜੀ ਆਖਦੇ ਹਨ ਜਿਨ੍ਹਾਂ ਨੇ ਗੁਰਾਂ ਦਵਾਰੇ ਬ੍ਰਹਮ ਗਿਆਨ ਨੂੰ ਬੁਝਿਆ ਹੈ ਤਿਨ੍ਹਾਂ ਨੂੰ ਕੋਈ ਵੀ ਸੂਤਕ ਨਹੀਂ ਲਗਦਾ।

ਪਉੜੀ ॥ ਸਤਿਗੁਰੁ ਵਡਾ ਕਰਿ ਸਾਲਾਹੀਐ
ਜਿਸੁ ਵਿਚਿ ਵਡੀਆ ਵਡਿਆਈਆ ॥

ਜਿਸ ਸਤਿਗੁਰੂ ਵਿਚ ਵਡੀਆਂ ਵਡਿਆਈਆਂ ਹਨ ਤਿਸ ਸਤਿਗੁਰੂ ਨੂੰ ਵਡਾ ਜਾਣ ਕਰਕੇ ਸਲਾਹੀਏ।

ਸਹਿ ਮੇਲੇ ਤਾ ਨਦਰੀ ਆਈਆ ॥

ਸਹਿ ਪ੍ਰਮੇਸ਼ਰ ਜਿਸਨੂੰ ਗੁਰੂ ਨਾਲ ਮੇਲੇ ਤਿਸਨੂੰ ਗੁਰਾਂ ਦੀਆਂ ਵਡਿਆਈਆਂ ਨਦਰਿ ਆਂਵਦੀਆਂ ਹਨ।

ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥

ਜਦ ਉਸ ਸਤਿਗੁਰਾਂ ਦਾ ਭਾਣਾ ਮੰਨੀਏ ਤਦ ਵਡਿਆ-ਈਆਂ ਮਨ ਵਿਚ ਵਸਦੀਆਂ ਹਨ।

ਕਰਿ ਹੁਕਮੁ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ ॥

ਸਤਿਗੁਰੂ ਨੇ ਸਿਖ ਦੇ ਮਥੇ ਤੇ ਹਥ ਧਰ ਕੇ [ਹੁਕਮੁ] ਉਪਦੇਸ਼ ਕਰਕੇ ਅਤੇ ਹਿਰਦੇ ਵਿਚੋਂ ਬੁਰਿਆਈਆਂ ਨੂੰ ਮਾਰ ਕੇ ਕਢ ਦਿਤਾ।

ਸਹਿ ਤੁਠੈ ਨਉ ਨਿਧਿ ਪਾਈਆ ॥੧੯॥

[ਸਹਿ] ਪ੍ਰਮੇਸ਼ਰ ਪ੍ਰਸੰਨ ਹੋਵੇ ਤਾਂ ਨੌ-ਨਿਧੀਆਂ ਪਾਈਦੀਆਂ ਹਨ ॥ ੧੯ ॥

ਸਲੋਕੁ ਮਃ ੧ ॥

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥

ਪਹਿਲਾਂ ਆਪ ਅਸ਼ਨਾਨ ਕਰਕੇ ਸੁਚਾ ਹੋਇਆ ਤੇ ਸੁਚੇ ਚੌਂਕੇ ਵਿਚ ਆਇ ਬੈਠਾ।

ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ।

ਫੇਰ ਸੁਚੇ ਹੀ ਰਸੋਈਏ ਨੇ ਥਾਲ ਪਰੋਸ ਕੇ ਅਗੇ ਆਨ

ਰਖਿਆ ਤਿਸ ਭੋਜਨ ਨੂੰ ਕਿਸੇ ਭੀ ਨਹੀਂ ਜਾਕੇ ਛੋਹਿਆ ਸੀ।

ਸੁਚਾ ਹੋਇਕੈ ਜੇਵਿਆ ਲਗਾ ਪੜਣਿ ਸਲੋਕੁ॥

ਫੇਰ ਭੀ ਸੁਚਾ ਹੋਇਕੇ, ਭਾਵ--ਹਥਾਂ ਨੂੰ ਧੋ ਕੇ ਭੋਜਨ ਛਕਿਆ ਮਗਰੋਂ ਸਲੋਕ ਪੜ੍ਹਨ ਲਗਾ।

ਸਲੋਕ--ਅਨ੍ਹਾਦ ਭਵੰਤਿ ਭੂਤਾਨਿ ਪ੍ਰਨਜਾ ਦਨ੍ਹ ਸੰਭਵ:
ਯਗਯਾਦ ਭਵਤਿ ਪ੍ਰਜਨਯੋ ਯਗਯ, ਕਰਮ ਸਮੁਦ ਭਵ:

ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ॥

ਓਹੀ ਖਾਧਾ ਹੋਇਆ ਅੰਨ ਦੂਜੇ ਦਿਨ (ਕੁਹਥੀ) ਖੋਟੀ ਥਾਂ ਤੇ ਜਾਇਕੇ ਸੁਟ ਆਇਆ ਇਹ ਦੋਖ ਕਿਸਨੂੰ ਲਗਾ।

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥

ਕਿਉਂਕਿ ਅਨ ਭੀ ਦੇਵਤਾ, ਪਾਣੀ ਭੀ ਦੇਵਤਾ, ਅਗਨ ਭੀ ਦੇਵਤਾ, ਲੂਣ ਅਤੇ ਪੰਜਵਾਂ ਜਦ ਘਿਰਤੁ ਪਾਇਆ।

ਤਾ ਹੋਆ ਪਾਕੁ ਪਵਿਤੁ॥

ਤਦੋਂ (ਪਾਕੁ) ਭੋਜਨ ਪਵਿਤ੍ਰ ਹੋਇਆ ਸੀ।

ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥

ਐਸਾ ਪਵਿਤ੍ਰ ਭੋਜਨ ਜਦ ਪਾਪ ਰੂਪੀ ਤਨ ਸਾਥ (ਗਡਿਆ) ਮਿਲਿਆ ਉਪਰੰਤ ਉਸੇ ਤੇ ਥੁਕਾਂ ਪਈਆਂ।

ਜਿਤੁਮੁਖਿਨਾਮੁਨ ਊਚਰਹਿ ਬਿਨੁਨਾਵੈਰਸਖਾਹਿ॥

ਜਿਸ ਮੁਖ ਤੋਂ ਕਰਤਾਰ ਦੇ ਨਾਮ ਨੂੰ ਨ ਉਚਾਰੇ, ਨਾਮ

ਜਪੇ ਤੋਂ ਬਿਨਾਂ ਰੱਸ ਆਦਿਕ ਜੋ ਖਾਂਦਾ ਹੈ।

ਨਾਨਕ ਏਵੈ ਜਾਣੀਐ ਤਿਤੁਮੁਖਿਥੁਕਾਪਾਹਿ॥੧॥

ਸ੍ਰੀ ਗੁਰੂ ਜੀ ਆਖਦੇ ਹਨ ਇਸ ਤਰ੍ਹਾਂ ਜਾਣੋ ਤਿਸਦੇ ਮੁਖ ਤੇ ਲਾਨਤਾਂ ਰੂਪੀ ਥੁਕਾਂ ਹੀ ਪੈ ਰਹੀਆਂ ਹਨ। ਪ੍ਰਮਾਨ—

ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ।
ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ।

ਉਥਾਨਕਾ—ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜੁ ॥ ਇਕਿ ਰਾਹੇ ਦੇ ਰਹਿ ਗਏ ਇਕਿ ਰਾਧੀ ਗਏ ਉਜਾੜੁ॥ ਜਦ ਇਹ ਸਲੋਕ ਫਰੀਦ ਜੀ ਨੇ ਉਚਾਰਿਆ ਤਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ—ਹੇ ਫਰੀਦ ! ਤੂੰ ਇਸਤ੍ਰੀ ਜਾਤੀ ਨੂੰ ਮੰਦਾ ਕਿਉਂ ਆਖਦਾ ਹੈਂ, ਜਿਸ ਤੋਂ ਰਿਸ਼ੀ, ਮੁਨੀ, ਸੰਤ ਤੇ ਭਗਤ ਜਨਮਦੇ ਹਨ।

ਮਃ ੧ ॥ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥

ਪਹਿਲੇ (ਭੰਡਿ) ਇਸਤ੍ਰੀ ਉਦਰ ਵਿਚ ਨਿੰਮਦੀ ਹੈ ਫੇਰ ਇਸਤ੍ਰੀ ਜਨਮਦੀ ਹੈ ਇਸਤ੍ਰੀ ਕਰਕੇ ਮੰਗੇਵਾਂ ਤੇ ਵਿਆਹ ਹੁੰਦਾਹੈ।

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਫੇਰ ਉਸੀ ਇਸਤ੍ਰੀ ਨਾਲ ਮਿਤ੍ਰਤਾਈ ਹੁੰਦੀ ਹੈ ਕਿਉਂਕਿ ਇਸਤ੍ਰੀ ਨਾਲ ਹੀ ਰਹੁਰੀਤੀ ਚਲਦੀ ਹੈ, ਭਾਵ ਸੰਤਾਨ ਉਤਪੰਨ ਹੁੰਦੀ ਹੈ।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥

ਪਹਿਲੀ ਇਸਤ੍ਰੀ ਮਰ ਜਾਵੇ ਤਾਂ ਦੂਸਰੀ ਇਸਤ੍ਰੀ

ਭਾਲੀਦੀ ਹੈ ਕਿਉਂਕਿ ਇਸਤ੍ਰੀ ਤੋਂ ਹੀ ਸੰਸਾਰ ਵਿਚ (ਬੰਧਾਨੁ) ਸਾਕ ਨਾਤੇ ਹੁੰਦੇ ਹਨ।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਹੇ ਭਾਈ ਸੋ ਐਸੀ ਇਸਤ੍ਰੀ ਨੂੰ ਮੰਦਾ ਕਿਉਂ ਆਖੀਏ ਜਿਸ ਇਸਤ੍ਰੀ ਤੋਂ (ਰਾਜਾਨ) ਰਿਖੀ ਜਨ ਜਨਮਦੇ ਹਨ।

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥

ਫੇਰ ਇਸਤ੍ਰੀ ਤੋਂ ਹੀ ਇਸਤ੍ਰੀ ਉਤਪੰਨ ਹੁੰਦੀ ਹੈ, ਬਿਨਾਂ ਇਸਤ੍ਰੀ ਤੋਂ ਕੋਈ ਉਤਪੰਨ ਨਹੀਂ ਹੋਇਆ। ਪ੍ਰਮਾਨ—ਮਾਤ ਪਿਤਾ ਬਿਨੁ ਬਾਲੁ ਨ ਹੋਈ।

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥

ਸ੍ਰੀ ਗੁਰੂ ਜੀ ਆਖਦੇ ਹਨ ਇਕ ਸੋਈ ਸਚਾ ਪ੍ਰਮੇਸ਼ਵਰ ਇਸਤ੍ਰੀ ਤੋਂ ਉਤਪੰਨ ਹੋਏ ਬਿਨਾਂ ਹੈ। ਭਾਵ—ਸੁਤੇ ਪ੍ਰਕਾਸ਼ ਹੈ।

ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥

ਜਿਸ ਮੂੰਹੋਂ ਸਦਾ ਹੀ ਕਰਤਾਰ ਸਲਾਹਿਆ ਜਾਂਦਾ ਹੈ ਉਸਦੇ ਮਥੇ ਤੇ ਭਾਗਾਂ ਦੀ (ਚਾਰਿ) ਸੁੰਦਰ (ਰਤੀ) ਰੇਖਾ ਹੈ।

ਨਾਨਕ ਤੇ ਮੁਖਿ ਊਜਲੇ ਤਿਤੁ ਸਚੈ ਦਰਬਾਰਿ॥੨॥

ਸ੍ਰੀ ਗੁਰੂ ਜੀ ਆਖਦੇ ਹਨ ਤਿਸ ਸਚੇ ਦੇ ਦਰਬਾਰ ਵਿਖੇ ਉਸ ਪੁਰਸ਼ ਦਾ ਮੁਖ ਪਵਿਤਰ ਹੁੰਦਾ ਹੈ।

ਪਉੜੀ॥ ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥

ਸਭ ਕੋਈ ਪ੍ਰਮੇਸ਼੍ਵਰ ਨੂੰ ਆਪਣਾ ਹੀ ਆਖਦਾ ਹੈ ਜਿਸਦਾ ਓਹ ਨਾ ਹੋਵੇ ਸੋ ਕੋਈ ਚੁਣਕੇ ਕਢੋ ਤਾਂ ਸਹੀ ? ਭਾਵ—ਸਭ ਦਾ ਪ੍ਰਿਤਪਾਲਕ ਪ੍ਰਮੇਸ਼ਰ ਹੈ।

ਪ੍ਰਸ਼ਨ—ਜਦ ਸਭ ਦਾ ਪ੍ਰਤਿਪਾਲਕ ਪ੍ਰਮੇਸ਼ਰ ਹੈ ਤਾਂ ਕੋਈ ਜੀਵ ਅਮੀਰ, ਕੋਈ ਗਰੀਬ ਅਤੇ ਕੋਈ ਸੁਖੀ ਕੋਈ ਦੁਖੀ ਕਿਉਂ ਰਹਿੰਦਾ ਹੈ। ਉਤਰ—

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥

ਹੇ ਭਾਈ ਆਪੋ ਆਪਣੇ ਕੀਤੇ ਹੋਏ (ਲੇਖਾ) ਕਰਮਾਂ ਦਾ ਫਲ ਦੁਖ ਆਪੇ ਹੀ (ਸੰਢੀਐ) ਸਹਾਰਦੇ ਹਨ, ਪ੍ਰਮਾਨ—ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥

ਜਾ ਰਹਣਾ ਨਾਹੀ ਐਤੁ ਜਗਿ
ਤਾ ਕਾਇਤੁ ਗਾਰਬਿ ਹੰਢੀਐ॥

ਜਦ ਇਸ ਜਗਤ ਵਿਚ ਰਹਿਣਾ ਹੀ ਨਹੀਂ ਤਾਂ (ਗਾਰਬਿ) ਹੰਕਾਰ ਕਰਕੇ ਕਿਉਂ ਫਿਰਦੇ ਹੋ। ਪ੍ਰਮਾਨ—ਐਸਾ ਗਰਬ ਬੁਰਾ ਸੰਸਾਰੇ।

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥

(ਅਖਰੁ) ਵਿਦਿਆ ਨੂੰ ਪੜ੍ਹ ਕੇ ਏਹੋ ਸਿਧਾਂਤ ਸਮਝੀਏ ਕਿ ਮੰਦਾ ਕਿਸੇ ਨੂੰ ਨ ਆਖੀਏ। ਪ੍ਰਮਾਨ—ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।

ਮੂਰਖੈ ਨਾਲਿ ਨ ਲੁਝੀਐ ॥ ੧੯ ॥

ਅਤੇ ਮੂਰਖ ਨਾਲ (ਲੁਝੀਐ) ਝਗੜੀਏ ਨਾ। ਪ੍ਰਮਾਨ—ਮੂਰਖ ਸਿਉ ਬੋਲੇ ਝਖ ਮਾਰੀ ॥ ੧੯ ॥

ਸਲੋਕੁ ਮਃ ੧ ॥

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥

ਸ੍ਰੀਗੁਰੂ ਜੀ ਆਖਦੇ ਹਨ ਫਿਕੇ ਬਚਨਾਂ ਦੇ ਬੋਲਣਕਰਕੇ ਆਪਣਾ ਤੇ ਸੁਨਣੇ ਵਾਲੇ ਦਾ ਵੀ ਤਨ ਮਨ ਫਿਕਾ ਹੋ ਜਾਂਦਾ ਹੈ।

ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥

ਫਿਕਾ ਬੋਲਣ ਵਾਲਾ ਫਿਕਾ ਕਰਕੇ ਸਦਿਆ ਜਾਂਦਾ ਹੈ ਫਿਕੇ ਦੀ ਫਿਕੀ ਹੀ ਸ਼ੋਭਾ ਹੁੰਦੀ ਹੈ।

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥

ਫਿਕਾ ਪੁਰਖ ਦਰਗਾਹ ਤੋਂ ਨਰਕਾਂ ਵਿਚ ਸੁਟਿਆ ਜਾਂਦਾ ਹੈ ਤੇ ਫਿਕੇ ਦੇ ਮੂੰਹ ਤੇ ਲਾਨਤਾਂ ਰੂਪੀ ਥੁਕਾਂ ਪੈਂਦੀਆਂ ਹਨ।

ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥

ਫਿਕਾ ਬੋਲਣ ਵਾਲੇ ਨੂੰ ਮੂਰਖ ਆਖੀਦਾ ਹੈ ਅਤੇ (ਪਾਣਾ) ਜੁਤੀਆਂ ਦੀ ਸਜਾ ਲੈਂਦਾ ਹੈ।

ਮਃ ੧ ॥

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥

ਜੋ ਅੰਦਰੋਂ ਝੂਠੇ ਹੈਨ ਤੇ ਬਾਹਰੋਂ (ਪੈਜ) ਪਖੰਡ ਬਨਾ ਕੇ ਦੁਨੀਆਂ ਅੰਦਰ (ਫੈਲੁ) ਫੈਲਾਉਂਦੇ ਹਨ।

ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥

ਜੇਕਰ ਓਹ ੬੮ ਤੀਰਥਾਂ ਤੇ ਜਾ ਕੇ ਨ੍ਹਾਉਣ ਤਾਂ ਭੀ ਓਨਾਂ ਦੀ ਅਵਿਦਿਆ ਰੂਪੀ ਮੈਲ ਨਹੀਂ ਉਤਰਦੀ। ਪ੍ਰਮਾਨ-

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ ॥

ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥

ਜਿਨ੍ਹਾਂ ਦੇ ਅੰਦਰ [ਪਟੁ] ਆਤਮ ਗਜਾਨ ਹੈ ਤੇ ਬਾਹਰ ਗੁਦੜ ਵਾਂਙੂ ਹਨ ਸੋ ਮਹਾਤਮਾ ਸੰਸਾਰ ਵਿਚ ਭਲੇ ਹਨ।

ਤਿਨ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ ॥

ਕਿਉਂਕਿ ਤਿਨਾਂ ਦਾ ਰਬ ਨਾਲ ਪ੍ਰੇਮ ਲਗਾ ਹੈ ਅਤੇ ਹਰ ਵੇਲੇ ਰਬ ਵੇਖਨ ਦੀ ਵੀਚਾਰ ਕਰਦੇ ਹਨ।

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥

[ਰੰਗਿ] ਪ੍ਰੇਮ ਵਿਚ ਹਸਦੇ ਹਨ ਪ੍ਰੇਮ ਵਿਚ ਹੀ ਰੋਂਦੇ ਹਨ ਚੁਪ ਭੀ ਆਪੇ ਹੀ ਕਰ ਜਾਂਦੇ ਹਨ।

ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਂਹ ॥

ਸਚੇ [ਨਾਹ] ਕਰਤਾਰ ਤੋਂ ਬਿਨਾਂ ਹੋਰ ਕਿਸੇ ਦੀ [ਪਰਵਾਹ] ਇਛਾ ਨਹੀਂ ਰਖਦੇ।

ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ॥

ਅਤੇ ਉਸ ਦੇ [ਦਰਿ ਵਾਟ] ਦਰਵਾਜੇ ਉਪਰ ਬੈਠ ਕੇ ਖਰਚ ਮੰਗਦੇ ਹਨ ਅਤੇ ਆਖਦੇ ਹਨ ਜਦੋਂ ਕਰਤਾਰ ਦੇਵੇਗਾ ਤਦੋਂ ਖਾਵਾਂਗੇ ਭਾਵ–ਕੇਵਲ ਪ੍ਰਮੇਸ਼ਰ ਤੇ ਹੀ ਆਸਰਾ ਰਖਦੇ ਹਨ।

ਦੀਬਾਨੁ ਏਕੋ ਕਲਮ ਏਕਾ ਹਮਾ ਤੁਮਾ ਮੇਲੁ ॥

ਅਤੇ ਜਾਣਦੇ ਹਨ ਪ੍ਰਮੇਸ਼ਰ ਦਾ ਦਰਬਾਰ ਭੀ ਇਕ ਹੈ ਹੁਕਮ ਰੂਪੀ ਕਲਮ ਭੀ ਇਕ ਹੈ ਪਰੰਤੂ ਜੋ ਪਾਪੀ ਪੁਰਖ ਹੰਗਤਾ ਮਮਤਾ ਨਾਲ ਮੇਲ ਰਖਦੇ ਹਨ ਭਾਵ ਹੰਕਾਰੀ ਹਨ।

ਦਰਿ ਲਏ ਲੇਖਾ ਪੀੜਿ ਛੁਟੈ ਨਾਨਕ ਜਿਉ ਤੇਲੁ॥੨॥

ਸ੍ਰੀ ਗੁਰੂ ਜੀ ਆਖਦੇ ਹਨ ਦਰਗਾਹ ਵਿਚ ਜਦ ਪਾਪੀਆਂ ਪਾਸੋਂ ਲੇਖਾ ਲੀਤਾ ਜਾਵੇਗਾ ਤਾਂ ਉਹਨਾਂ ਦੇ ਸਰੀਰ ਵਿਚ ਇਉਂ ਪੀੜ (ਛੁਟੈ) ਹੋਵੇਗੀ ਜਿਵੇਂ ਤੇਲ ਕਢਨ ਲਗਿਆਂ ਤਿਲਾਂ ਨੂੰ ਪੀੜ ਹੁੰਦੀ ਹੈ।

ਪਉੜੀ॥

ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ॥

ਆਪੇ ਹੀ ਕਰਤਾਰ ਨੇ (ਕਰਣਾ) ਪ੍ਰਪੰਚ ਕੀਤਾ ਹੈ ਅਤੇ ਆਪੇ ਹੀ ਵਿਚ (ਕਲ) ਚੇਤਨਸਤਾ (ਧਾਰੀ) ਰਖੀ ਹੈ।

ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ॥

ਪ੍ਰਮੇਸ਼੍ਵਰ ਆਪਣਾ ਕੀਤਾ ਆਪ ਵੇਖਦਾ ਹੈ, ਕਚੀ ਤੇ ਪੱਕੀ ਜਿਤਨੀ ਵੀ ਸਾਰੀ ਧਰਤੀ ਹੈ।

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥

ਜੋ ਸੰਸਾਰ ਵਿਚ ਆਇਆ ਹੈ ਸੋ ਸਭ ਕੋਈ ਵਾਰੀਆਈ ਦੇ ਅਨੁਸਾਰ ਚਲਾ ਜਾਏਗਾ। ਪ੍ਰਮਾਨ--ਅਸਤੁ ਉਦੋਤੁ ਭਇਆ ਉਠਿ ਚਲੇ॥ ਜਿਉ ਜਿਉ ਅਉਧ ਵਿਹਾਣੀਆ॥

ਜਿਸ ਕੇ ਜੀਅ ਪਰਾਣ ਹਹਿ
ਕਿਉ ਸਾਹਿਬੁ ਮਨਹੁ ਵਿਸਾਰੀਐ॥

ਜਿਸ ਕਰਤਾਰ ਨੇ ਜੀਵ ਨੂੰ ਪ੍ਰਾਣ ਦਿਤੇ ਹੋਏ ਹਨ ਐਸੇ ਸਾਹਿਬ ਨੂੰ ਮਨੋ ਕਿਉਂ ਵਿਸਾਰੀਐ।

ਆਪਨਹਥੀਆਪਨਾਆਪੇਹੀਕਾਜੁਸਵਾਰੀਐ॥੨੦

ਆਪਣੇ ਮਨ ਬੁਧੀ ਰੂਪੀ ਹਥਾਂ ਨਾਲ ਆਪਣਾ ਮੋਖ ਦਾ ਕਾਰਜ ਆਪੇ ਹੀ ਸਵਾਰ ਲਈਏ।

ਸਲੋਕੁ ਮਃ ੨ ॥

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥

ਏਹ ਕਾਹਦੀ ਪ੍ਰੀਤੀ ਹੋਈ ਜੋ (ਦੂਜੈ) ਸੰਸਾਰਕ ਵਿਸ਼ਿਆਂ ਵਿਚ ਲਗਾ ਜਾ ਰਿਹਾ ਹੈ।

ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥

ਸਤਿਗੁਰੂ ਅੰਗਦਦੇਵ ਜੀ ਆਖਦੇ ਹਨ ਸੋ ਪ੍ਰੇਮੀ ਕਹੀਦਾ ਹੈ ਜੋ ਸਦੀਵ ਕਾਲ ਕਰਤਾਰ ਦੇ ਹੁਕਮ ਵਿਚ ਸਮਾਇ ਰਹੇ।

ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥

ਆਸਕ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥

ਪ੍ਰੇਮੀ ਏਹ ਨਹੀਂ ਆਖੀਦਾ ਜੋ [ਸੋਇ] ਕਰਤਾਰ ਦੇ ਲੇਖੇ ਵਿਚ ਵਰਤੇ ਜੋ ਕਿ ਕਰਤਾਰ ਵਲੋਂ ਚੰਗੇ ਹੋਏ ਨੂੰ ਚੰਗਾ ਕਰਕੇ ਅਤੇ ਮੰਦੇ ਹੋਏ ਨੂੰ ਮੰਦਾ ਕਰਕੇ ਮੰਨੇ,ਭਾਵ–ਮੰਦੇ ਨੂੰ ਭੀ ਚੰਗਾ ਮੰਨਣਾ ਚਾਹੀਦਾ ਹੈ।

ਮਹਲਾ ੨ ॥

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥

ਸਤਿਗੁਰਾਂ ਨੂੰ [ਸਲਾਮੁ] ਨਮਸ਼ਕਾਰ ਅਤੇ [ਜਬਾਬੁ] ਸਾਹਮਣੇ ਭੀ ਬੋਲੇ, ਦੋਵੇਂ ਗਲਾਂ ਕਰਨੇ ਵਾਲਾ ਪੁਰਖ ਮੁਢ ਤੋਂ

ਭੁਲਿਆ ਜਾਂਦਾ ਹੈ।

ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥

ਸਤਿਗੁਰੂ ਜੀ ਆਖਦੇ ਹਨ ਉਸ ਦੀਆਂ ਦੋਵੇਂ ਗਲਾਂ ਨਮਸ਼ਕਾਰ ਕਰਨੀ ਅਤੇ ਸਾਹਮਣੇ ਬੋਲਣਾ ਝੂਠੀਆਂ ਹਨ। ਐਸਾ ਮਨੁਸ਼ ਪ੍ਰਲੋਕ ਵਿਚ ਕੋਈ ਜਗਾ ਨਹੀਂ ਪਾਵੇਗਾ।

ਪਉੜੀ ॥ ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ॥

ਜਿਸ ਦੇ ਸੇਵਨ ਕਰਕੇ ਸੁਖ ਪ੍ਰਾਪਤ ਹੁੰਦਾ ਹੈ ਸੋ ਅਜਿਹੇ ਸਾਹਿਬ ਨੂੰ ਸਦਾ ਹੀ ਸੰਭਾਲੀਏ।

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥

ਜੋ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਪਾਈਦਾ ਹੈ ਤਾਂ ਸੋ ਬੁਰੇ [ਘਾਲ] ਕੰਮ ਕਿਉਂ [ਘਾਲੀਐ] ਕਰੀਏ। ਪ੍ਰਮਾਨ--ਮਨ ਮੇਰੇਭੂਲੇ ਕਪਟੁ ਨ ਕੀਜੈ॥ ਅੰਤ ਨਿਬੇਰਾਤੇਰੇ ਜੀਅ ਪਹਿ ਲੀਜੈ ॥

ਮੰਦਾਮੂਲਿਨਕੀਚਈਦੇਲੰਮੀਨਦਰਿਨਿਹਾਲੀਐ॥

[ਮੂਲਿ] ਕਦਾਚਿਤ ਭੀ ਕਿਸੇ ਦਾ ਮੰਦਾ ਨ ਕਰੀਏ ਲੰਮੀ ਨਜ਼ਰ ਦੇ ਨਾਲ [ਨਿਹਾਲੀਐ] ਦੇਖੀਏ [ਕਿ] ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥

ਜਿਵੇਂ ਸਾਹਿਬ ਨਾਲ ਨਾ ਹਾਰੀਏ ਤੇਹੋ ਜਿਹਾ ਹੀ ਭਜਨ ਰੂਪੀ ਪਾਸਾ ਢਾਲਣਾ ਚਾਹੀਦਾ ਹੈ।

ਕਿਛੁ ਲਾਹੇ ਉਪਰਿ ਘਾਲੀਐ ॥ ੨੧ ॥

ਹਮੇਸ਼ਾਂ ਕੁਛ ਲਾਭ ਦੇ ਉਪਰ ਕਮਾਈ (ਘਾਲੀਐ) ਕਰਨੀ ਚਾਹੀਦੀ ਹੈ।

ਸਲੋਕੁ ਮਃ ੨ ॥

ਸੂਚਨਾ--ਸਤਿਗੁਰ ਅੰਗਦ ਦੇਵ ਜੀ ਇਸ ਬਾਈਸਵੇਂ ਸਲੋਕ ਵਿਚ ਰਾਜਨੀਤੀ ਕਥਨ ਕਰਦੇ ਹਨ:--

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥

ਜੇ ਨੌਕਰ ਹੋ ਕੇ ਨੌਕਰੀ ਦੇ ਕੰਮ ਵਿਚ ਲਗਿਆ ਹੋਇਆ ਨਾਲੇ ਗਰਬ ਕਰੇ ਅਤੇ ਮਾਲਕ ਨਾਲ (ਵਾਦੁ) ਝਗੜਾ ਵੀ ਕਰਦਾ ਹੋਵੇ।

ਗਲਾ ਕਰੇ ਘਣੇਰੀਆ ਖਸਮੁ ਨ ਪਾਏ ਸਾਦੁ ॥

ਅਤੇ ਗਲਾਂ ਵੀ ਬਹੁਤੀਆਂ ਕਰਦਾ ਹੋਵੇ ਉਹ ਨੌਕਰ ਮਾਲਕ ਦੀ (ਸਾਦੁ) ਪ੍ਰਸੰਨਤਾ ਨੂੰ ਨਹੀਂ ਪਾ ਸਕਦਾ।

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥

ਹਾਂ ਜਦ (ਆਪੁ) ਹੰਕਾਰ ਨੂੰ ਗਵਾਇਕੇ ਮਾਲਕ ਦੀ ਸੇਵਾ ਕਰੇ ਤਦ ਕੁਝ ਮਾਨ ਆਦਰ ਪਾ ਸਕਦਾ ਹੈ।

ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਣੁ ॥

ਸਤਿਗੁਰੂ ਜੀ ਆਖਦੇ ਹਨ ਜਿਸ ਮਤਲਬ ਵਾਸਤੇ ਨੌਕਰੀ ਵਿਚ ਲਗਾ ਸੀ ਉਹੀ ਮਿਲ ਜਾਵੇ ਤਾਂ ਸੋਈ ਲੱਗਣਾ [ਪਰਵਾਨੁ] ਸਫਲ ਹੁੰਦਾ ਹੈ।

ਮਹਲਾ ੧ ॥ ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥

ਜੋ ਹਿਰਦੇ ਵਿਚ ਅਗਿਆਨ ਹੈ ਸੋ ਅੰਤ ਨੂੰ ਪ੍ਰਗਟ ਹੋ ਜਾਂਦਾ ਹੈ ਮੂੰਹ ਤੋਂ ਜੋ ਕਹਿੰਦਾ ਹੈ ਮੈਂ ਗਿਆਨਵਾਨ ਹਾਂ ਸੋ [ਵਾਉ] ਬਿਅਰਥ ਹੈ।

ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥

ਹੇ ਭਾਈ ਤੁਸੀਂ ਇਹ ਨਿਆਉਂ ਵੇਖੋ ਬੀਜਦਾ ਹਾਂ [ਬਿਖੁ] ਵਿਸ਼ੇ ਹੈ ਅਤੇ ਮੰਗਦਾ [ਅੰਮ੍ਰਿਤੁ] ਮੋਖ ਰੂਪੀ ਫਲ ਹੈ। ਪ੍ਰਮਾਨ--"ਲੋੜੇ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ ਹੰਢੈ ਉੱਨ ਕਤਾਇਦਾ ਪੈਧਾ ਲੋੜੈ ਪਟੁ ॥"

ਮਃ ੨ ॥

ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥

[ਇਆਣੇ] ਅਗਜਾਨੀ ਨਾਲ ਮਿਤ੍ਰਤਾਈ ਕੀਤੀ ਹੋਈ ਕਦੇ ਭੀ [ਰਾਸਿ] ਸੂਤ ਨਹੀਂ ਆਉਂਦੀ।

ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥

ਕਿਉਂਕਿ ਜੈਸਾ ਅਗਜਾਨੀ ਆਪਣੇ ਸੁਭਾਉ ਨੂੰ ਜਾਣਦਾ ਹੈ ਤੈਸਾ ਹੀ ਵਰਤਦਾ ਹੈ,ਭਾਵੇਂ ਕੋਈ(ਨਿਰਜਾਸਿ)ਨਿਰਨਾਕਰਕੇ ਵੇਖਲਵੇ।

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥

(ਵਸਤੂ) ਹਿਰਦੇ ਅੰਦਰ ਆਤਮ ਗਿਆਨ ਰੂਪੀ ਵਸਤੂ ਤਦ ਹੀ ਸਮਾਂਵਦੀ ਹੈ ਜਦ (ਦੂਜੀ)ਦਵੈਤ(ਪਾਸਿ) ਲਾਂਭੇ ਹੋ ਜਾਵੇ।

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥

ਸਾਹਿਬ ਦੇ ਨਾਲ ਹੁਕਮੁ ਨਹੀਂ ਚੱਲਦਾ ਅਰਦਾਸ ਹੀ ਕਰਣੀ ਬਣਦੀ ਹੈ।

ਕੂੜਿ ਕਮਾਣੈ ਕੂੜੋ ਹੋਵੈ
ਨਾਨਕ ਸਿਫਤਿ ਵਿਗਾਸਿ॥੩॥

ਸਤਿਗੁਰੂ ਜੀ ਆਖਦੇ ਹਨ ਝੂਠੇ ਕਰਮ ਕਮਾਇਆਂ ਝੂਠੀ ਸੋਭਾ ਹੁੰਦੀ ਹੈ ਤੇ ਕਰਤਾਰ ਦੀ ਸਿਫਤ ਕੀਤਿਆਂ ਹੀ (ਵਿਗਾਸ) ਅਨੰਦ ਹੁੰਦਾ ਹੈ।

ਮਹਲਾ ੨ ॥

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥

(ਇਆਣੇ) ਬਾਲਕ ਨਾਲ ਮਿਤ੍ਰਤਾਈ ਅਤੇ (ਵਡਾਰੂ) ਵਡੇ ਹੰਕਾਰੀ ਨਾਲ ਪ੍ਰੇਮ ਕਰਨਾ ਇੰਵ ਹੈ।

ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥੪

ਜਿਵੇਂ ਪਾਣੀ ਦੇ ਵਿਚ ਲਕੀਰ ਖਿਚੀਏ ਤਿਸਦਾ ਥਾਉਂ ਥੇਹ ਨਹੀਂ ਲਭਦਾ।

ਮਹਲਾ ੨ ॥

ਹੋਇ ਇਆਨਾ ਕਰੇ ਕੰਮੁ ਆਣਿ ਨ ਸਕੈ ਰਾਸਿ॥

ਹੋਵੇ ਤਾਂ (ਇਆਨਾ) ਬਾਲਕ ਤੇ ਕੰਮ ਬਹੁਤੇ ਵਡੇ ਕਰਨ ਲੱਗ ਪਏ ਤਾਂ ਕੰਮ ਨੂੰ (ਰਾਸਿ) ਸੂਤ ਨਹੀਂ ਲਿਆ ਸਕੇਗਾ।

ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ॥੫॥

ਜੇਕਰ ਇਕ ਅੱਧ ਚੰਗੀ ਕਰ ਲਵੇ ਤਾਂ ਬਾਕੀ ਦੇ ਦੂਜੇ ਵੀ (ਵੇਗਸਿ) ਵਿਗਾੜ ਲੈਂਦਾ ਹੈ।

ਪਉੜੀ॥

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥

ਜੇਹੜਾ ਨੌਕਰ ਨੌਕਰੀ ਵਿਚ ਲਗ ਕੇ ਆਪਣੇ ਮਾਲਕ ਦੀ (ਭਾਇ) ਆਗਿਆ ਵਿਚ ਚਲਦਾ ਹੈ।

ਹੁਰਮਤਿਤਿਸਨੋਅਗਲੀਓਹੁਵਜਹੁਭਿਦੂਣਾਖਾਇ।

ਤਦ ਤਿਸਨੂੰ (ਹੁਰਮਤਿ) ਇਜ਼ਤ (ਅਗਲੀ) ਬਹੁਤੀ ਮਿਲਦੀ ਹੈ ਉਹ (ਵਜਹੁ) ਤਨਖਾਹ ਭੀ ਦੂਣੀ ਖਾਂਦਾ ਹੈ।

ਖਸਮੈਕਰੇਬਰਾਬਰੀਫਿਰਿਗੈਰਤਿ ਅੰਦਰਿਪਾਇ ॥

ਜੋ ਮਾਲਕ ਨਾਲ ਬਰਾਬਰੀ ਕਰਦਾ ਹੈ ਤਿਸਨੂੰ ਫਿਰ (ਗੈਰਤਿ) ਸਜਾ ਦੇ ਅੰਦਰ ਪਾਇਆ ਜਾਂਦਾ ਹੈ।

ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ॥

ਉਹ ਅਗਲਾ ਭੀ (ਵਜਹੁ) ਖਰਚਾ ਗਵਾ ਲੈਂਦਾ ਹੈ ਅਤੇ ਮੂੰਹੋਂ ਮੂੰਹ ਜੁਤੀਆਂ ਦੀ ਮਾਰ ਖਾਂਦਾ ਹੈ।

ਜਿਸਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥

ਹੇਭਾਈਜਿਸਦਾ ਦਿੱਤਾ ਖਾਈਏਤਿਸਨੂੰ(ਸਾਬਾਸਿ) ਧੰਨਧੰਨ ਕਹੀਏ।

ਨਾਨਕ ਹੁਕਮ ਨ ਚਲਈ
ਨਾਲਿ ਖਸਮ ਚਲੈ ਅਰਦਾਸਿ ॥੨੨॥

ਸਤਿਗੁਰੂ ਜੀ ਆਖਦੇ ਹਨ ਮਾਲਕ ਤੇ ਹੁਕਮ ਨਹੀਂ

ਚਲਦਾ ਮਾਲਕ ਅਗੇ ਤਾਂ ਬੇਨਤੀ ਹੀ ਚਲਦੀ ਹੈ।

ਸਲੋਕ ਮਹਲਾ ੨

ਪ੍ਰਸ਼ਨ–ਇਕ ਸਮੇਂ ਸਿੱਖਾਂ ਨੇ ਕਿਹਾ ਕਿ ਹੇ ਸ੍ਰੀ ਗੁਰੂ ਅੰਗਦ ਦੇਵ ਜੀ! ਅਮਕਾ ਜੋਗੀ ਕਰਾਮਾਤ ਨਾਲ ਭੂਤਾਂ ਪ੍ਰੇਤਾਂ ਨੂੰ ਵੱਸ ਕਰ ਲੈਂਦਾ ਹੈ। ਉਤ੍ਰ–

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ॥

ਇਹ ਕਾਹਦੀ ਦਾਤਿ ਹੋਈ ਜੋ ਆਪਣੇ ਆਪ ਮਿੰਨਤਾਂ ਤਰਲੇ ਕਰਕੇ ਪਾ ਲਈ,ਭਾਵ:–ਭੂਤਾਂ ਪ੍ਰੇਤਾਂ ਨੂੰ ਵੱਸ ਕਰ ਲਿਆ।

ਨਾਨਕ ਸਾ ਕਰਮਾਤ ਸਾਹਿਬ ਤੁਠੈ ਜੋ ਮਿਲੈ॥੧॥

ਸਤਿਗੁਰੂ ਜੀ ਆਖਦੇ ਹਨ ਸੋਈ ਕਰਾਮਾਤ ਸਫਲੀ ਹੈ ਜੋ ਸਾਹਿਬ ਦੇ ਪ੍ਰਸੰਨ ਹੋਇਆਂ ਮਿਲੇ।

ਮਹਲਾ ੨॥

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮਨਜਾਇ॥

ਇਹ ਕਾਹਦੀ ਚਾਕਰੀ ਹੋਈ ਜੋ ਮਾਲਕ ਦਾ ਡਰ (ਜਾਇ) ਉਤਪੰਨ ਨ ਹੋਵੇ।

ਨਾਨਕਸੇਵਕੁ ਕਾਢੀਐਜਿਸੇਤੀਖਸਮਸਮਾਇ॥੨

ਸਤਿਗੁਰੂ ਜੀ ਆਖਦੇ ਹਨ ਸੋ ਸੇਵਕ ਕਹੀਦਾ ਹੈ ਜੋ ਮਾਲਕ ਦੇ ਹੁਕਮ ਅਨੁਸਾਰ ਚਲੇ, ਭਾਵ:–ਹੁਕਮ ਮੰਨੇ।

ਪਉੜੀ॥

ਨਾਨਕ ਅੰਤ ਨ ਜਾਪਨ੍ਹੀ ਹਰਿਤਾਕੇ ਪਾਰਾਵਾਰ॥

ਸ੍ਰੀ ਗੁਰੂ ਜੀ ਆਖਦੇ ਹਨ ਤਿਸ ਹਰੀ ਦੇ ਬਣਾਏ ਹੋਏ ਸੰਸਾਰ ਦੇ ਪਾਰ ਉਰਾਰ ਦਾ ਅੰਤ ਨਹੀਂ ਜਾਣਿਆਂ ਜਾਂਦਾ।

ਆਪਿ ਕਰਾਏ ਸਾਖਤੀ ਫਿਰਿ ਆਪਿਕਰਾਏਮਾਰ॥

ਉਹ ਆਪ ਹੀ ਜੀਵਾਂ ਨੂੰ(ਸਾਖਤੀ) ਕਠੋਰਤਾ ਕਰਾਉਂਦਾ ਹੈ ਆਪ ਹੀ ਫੇਰ ਜਮਾਂ ਪਾਸੋਂ ਮਾਰ ਕਰਾਉਂਦਾ ਹੈ।

ਇਕਨ੍ਹਾ ਗਲੀ ਜੰਜੀਰੀਆ
ਇਕਿ ਤੁਰੀ ਚੜਹਿ ਬਿਸੀਆਰ॥

ਪ੍ਰਤੱਖ ਇਕਨਾਂ ਦੇ ਗਲ ਵਿਚ ਜੰਜੀਰ ਪਏ ਹੋਏ ਕੈਦ ਭੋਗਦੇ ਹਨ ਇਕ (ਬਿਸੀਆਰ) ਬੇਕੀਮਤੀ (ਤੁਰੀ) ਘੋੜੀ ਤੇ ਚੜ੍ਹ ਕੇ ਸੈਰ ਕਰਦੇ ਹਨ।

ਆਪਿਕਰਾਏਕਰੇਆਪਿਹਉਕੈਸਿਉ ਕਰੀਪੁਕਾਰ॥

ਆਪ ਕਰਦਾ ਹੈ ਤੇ ਆਪ ਕਰਾਉਂਦਾ ਹੈ ਉਸ ਤੋਂ ਬਿਨਾਂ ਮੈਂ ਕਿਸ ਦੇ ਅਗੇ ਪੁਕਾਰ ਕਰਾਂ।

ਨਾਨਕ ਕਰਣਾ ਜਿਨਿ ਕੀਆ
ਫਿਰਿ ਤਿਸਹੀ ਕਰਣੀ ਸਾਰ॥੨੩॥

ਸ੍ਰੀ ਗੁਰੂ ਜੀ ਆਖਦੇ ਹਨ ਜਿਸ ਕਰਤਾਰ ਨੇ (ਕਰਣਾ) ਪ੍ਰਪੰਚ ਕੀਤਾ ਹੈ ਫੇਰ ਤਿਸੀ ਨੂੰ (ਸਾਰ)ਸੰਭਾਲ ਕਰਣੀ ਬਣਦੀਹੈ

ਸਲੋਕੁ ਮਃ ੧ ॥

ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ॥

ਜੈਸੇ ਆਪੇ ਹੀ ਘੁਮਿਆਰ ਭਾਂਡਿਆਂ ਨੂੰ ਸਾਜ ਕੇ ਆਪ

ਹੀ (ਪੂਰਣੁ) ਰੰਗ ਚਾੜ੍ਹ ਦੇਂਦਾ ਹੈ।

ਇਕਨੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ॥

ਓਹਨਾਂ ਇਕਨਾਂ ਭਾਂਡਿਆਂ ਵਿਚ ਦੁਧ (ਸਮਾਈਐ) ਜਮਾਈਦਾ ਹੈ ਤੇ ਕਈਕੁ ਚੁਲੇ ਉਤੇ ਚੜ੍ਹੇ ਰਹਿੰਦੇ ਹਨ, ਭਾਵ:—ਤਿਵੇਂ ਹੀ ਆਪੇ ਹੀ ਕਰਤਾਰਨੇ ਜੀਵਾਂ ਰੂਪੀਭਾਂਡੇ ਸਾਜਕੇ ਆਪੇ ਹੀ (ਪੂਰਣੁ) ਪਦਾਰਥ ਦੇਂਦਾ ਹੈ। ਪ੍ਰਮਾਨ—ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨ ਹਾਰੈ ॥

ਇਕਿਨਿਹਾਲੀਪੈਸਵਨ੍ਹਿਇਕਿਉਪਰਿਰਹਨਿਖੜੇ॥

ਇਕ ਤਾਂ (ਨਿਹਾਲੀ)ਰਜਾਈਆਂ ਪਰ ਸੌਂਦੇ ਹਨ ਤੇ ਇਕ ਉਨ੍ਹਾਂ ਦੀ ਰਾਖੀ ਕਰਨ ਲਈ ਉਪਰ ਖੜੇ ਰੈਂਹਦੇ ਹਨ।

ਤਿਨ੍ਹਾਸਵਾਰੇ ਨਾਨਕਾ ਜਿਨਕਉਨਦਰਿਕਰੇ॥੧॥

ਸ੍ਰੀ ਗੁਰੂ ਜੀ ਆਖਦੇ ਹਨ ਜਿਨ੍ਹਾਂ ਤੇ ਪ੍ਰਮੇਸ਼ਰ ਕ੍ਰਿਪਾ ਦੀ ਨਜ਼ਰ ਕਰਦਾ ਹੈ ਤਿਨਾਂ ਨੂੰ (ਸਵਾਰੇ) ਸੁਖ ਦੇਂਦਾ ਹੈ।

ਮਹਲਾ ੨ ॥

ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥

ਆਪੇ ਹੀ ਕਰਤਾਰ ਪੰਜਾਂ ਤਤਾਂ ਨੂੰ ਸਾਜਦਾ ਹੈ ਅਤੇ ਆਪੇ ਹੀ ਤਤਾਂ ਤੋਂ (ਜਾਈ) ਪ੍ਰਿਥਵੀ ਕਰਦਾ ਹੈ ਅਤੇ ਆਪੇ ਹੀ ਫਿਰ ਉਸਦੀ ਰਖਿਆ ਕਰਦਾ ਹੈ।

ਤਿਸੁ ਵਿਚਿ ਜੰਤ ਉਪਾਇਕੈ ਦੇਖੈ ਥਾਪਿਉਥਾਪਿ॥

ਤਿਸ ਧਰਤੀ ਵਿਚ ਜੀਵ ਉਤਪੰਨ ਕਰਦਾ ਹੈ ਅਤੇ (ਥਾਪਿ) ਬਨਾਈ ਹੋਈਨੂੰ ਫੇਰ(ਉਥਾਪਿ) ਨਾਸ ਕਰਕੇ ਆਪੇ ਹੀ ਵੇਖਦਾ ਹੈ।

ਕਿਸਨੋ ਕਹੀਐਨਾਨਕਾਸਭੁਕਿਛੁਆਪੇਆਪਿ॥੨।

ਸ੍ਰੀ ਗੁਰੂ ਜੀ ਆਖਦੇ ਹਨ ਜਾਂ ਸਭ ਕਿਛੁ ਆਪੇ ਆਪਿ ਬ੍ਰਹਮ ਰੂਪ ਹੋ ਰਿਹਾ ਹੈ ਤਾਂ ਬ੍ਰਹਮ ਤੋਂ ਭਿੰਨ ਕਿਸ ਨੂੰ ਕਹੀਏ। ਪ੍ਰਮਾਨ—ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥

ਪਉੜੀ॥ ਵਡੇ ਕੀਆ ਵਡਿਆਈਆ

ਕਿਛੁ ਕਹਣਾ ਕਹਣੁ ਨ ਜਾਇ ॥

ਵਡੇ ਦੀਆਂ ਵਡਿਆਈਆਂ ਨੂੰ ਕੁਛ ਕਹੀਏ ਤਾਂ ਕਹੀਆਂ ਨਹੀਂ ਜਾਂਦੀਆਂ।

ਸੋ ਕਰਤਾਕਾਦਰਕਰੀਮੁਦੇਜੀਆ ਰਿਜਕੁਸੰਬਾਹਿ॥

ਸੋ ਕਰਤਾਰ (ਕਾਦਰ) ਸਮਰਥ ਅਤੇ ਕ੍ਰਿਪਾਲੂ ਹੈ ਸਭ ਜੀਵਾਂ ਨੂੰ ਰਿਜਕੁ (ਸੰਬਾਹਿ) ਪਹੁੰਚਾ ਦੇਂਦਾ ਹੈ।

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥

ਸੋਈ ਕਾਰ ਕਮਾਈਦੀ ਹੈ ਜੋ ਤਿਸ ਕਰਤਾਰ ਨੇ ਧੁਰੋਂ ਮਸਤਕ ਵਿਖੇ ਪਾ ਛਡੀ ਹੋਈ ਹੈ।

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥

ਸ੍ਰੀ ਗੁਰੂ ਜੀ ਆਖਦੇ ਹਨ ਇਕ ਕਰਤਾਰ ਦੇ ਆਸਰੇ ਤੋਂ ਬਿਨਾਂ ਹੋਰ ਦੂਜੀ (ਜਾਇ) ਜਗਾ ਕੋਈ ਨਹੀਂ ਹੈ।

ਸੋ ਕਰੇ ਜਿ ਤਿਸੈ ਰਜਾਇ॥ ੨੪ ॥ ੧ ॥ ਸੁਧੁ॥

ਜੀਵ ਸੋਈ ਕਰਦੇ ਹੈਂ ਜਿਵੇਂ ਤਿਸ ਕਰਤਾਰ ਦੀ [ਰਜਾਇ] ਆਗਿਆ ਹੁੰਦੀ ਹੈ। ਪ੍ਰਮਾਨ—ਜਿਵਜਿਵ ਹੁਕਮ ਤਿਵੈ ਤਿਵਕਾਰ।

ਇਸ ਪੋਥੀ ਦਾ ਕਾਗਜ਼ ਲਾ: ਬੰਸੀ ਧਰ ਕਪੂਰ ਪਾਸੋਂ ਕੰਟ੍ਰੋਲ ਰੇਟ ਤੇ ਲੀਤਾ।



SEE AT ME

हमारी दुकान

से हर प्रकार की पुस्तकें स्टेशनरी, कापिय
सलेटां, तखतीयां, पिनसलां, दवातां, सिआही
हर तरां के इन्डीपैन, और गुरबाणी के गुटके, कि
और नावल वगैरा सोहने और ससते मिलते हैं
आएं और अजमायश करें ।

हमारा पता—

भाई कृपाल सिंह बलबीर सिंह

पुस्तकां छापन और वेचन वाले बाज़ार घन्टा घर

ਬੇਨਤੀ

ਧਾਰਮਕ ਸਕੂਲਾਂ ਦੇ ਪ੍ਰਬੰਧਕਾਂ ਅਗੇ ਬੇਨਤੀ ਹੈ ਕਿ ਆਸਾ ਦੀ ਵਾਰ ਸਟੀਕ ਵਿਚ ਜੋ ਜੋ ਵਾਧੇ ਹਨ ਸੋ ਆਪ ਜੀਨੇ ਪੜ੍ਹਕੇ ਵੇਖ ਹੀ ਲੀਤੇ ਹਨ। ਕਈ ਧਾਰਮਕ ਸਕੂਲਾਂ ਵਿਚ ਇਹ ਟੀਕਾ ਲਗਾ ਭੀ ਹੋਇਆ ਹੈ, ਜਿਨ੍ਹਾਂ ੨ ਸਕੂਲਾਂ ਵਿਚ ਪੜ੍ਹਾ-ਇਆ ਜਾਂਦਾ ਹੈ ਓਹਨਾਂ ਸਕੂਲਾਂ ਦੇ ਪ੍ਰਬੰਧਕਾਂ ਦਾ ਮੈਂ ਤਨੋਂ ਮਨੋਂ ਧੰਨਵਾਦ ਕਰਦਾ ਹਾਂ। ਜੇਕਰ ਆਪ ਜੀ ਦੇ ਸਕੂਲ ਜਾਂ ਪਾਠਸ਼ਾਲਾ ਵਿਚ ਇਹ ਟੀਕਾ ਪ੍ਰਚਲਤ ਨਹੀਂ ਹੋਇਆ ਤਾਂ ਹੁਣ ਆਪ ਕ੍ਰਿਪਾ-ਲਤਾ ਕਰਦੇ ਹੋਏ ਇਸ ਟੀਕੇ ਨੂੰ ਆਪਣੀ ਪਾਠਸ਼ਾਲਾ ਵਿਖੇ ਪ੍ਰਚਲਤ ਕਰਾਕੇ ਦਾਸ ਨੂੰ ਧੰਨਵਾਦੀ ਬਨਾਓ।

ਭਗਤ ਰਾਮਦਿੱਤਾ ਜੀ ਦੇ ਰਚਿਤ ਪੁਸਤਕ

੨੧੬ ਸਫੇ ਦਾ ਗੁਰਬਾਣੀ ਪ੍ਰਬੋਧ ਭੇਟਾ ਢਾਈ ਰੁਪਏ
ਆਸਾ ਦੀ ਵਾਰ ਸਟੀਕ ਭੇਟਾ ਅਠ ਆਨੇ
ਜਪੁਜੀ ਸਟੀਕ ਛੇ ਆਨੇ, ਭਗਤਾਵਲੀ ਸਟੀਕ ਚਾਰ ਆਨੇ
ਬਾਲਕ ਸਿਖਜਾ ਦੋ ਆਨੇ

ਸੂਚਨਾਂ

ਏਹ ਬਾਲਕ ਸਿਖਜਾ ਸਾਡੇ ਬਾਲਕਾਂ ਨੂੰ ਸਬੋਧ ਕਰਨ ਹਿਤ ਭਗਤ ਜੀਨੇ ਰਚੀ ਹੈ।ਪ੍ਰੰਤੂ ਆਪ ਤਾਂ ਭਗਤ ਰਾਮਦਿੱਤਾ ਜੀ ਬ੍ਰਹਮਚਾਰੀਹੈਂ

ਪਤਾ—ਭਾਈ ਕ੍ਰਿਪਾਲ ਸਿੰਘ ਬਲਬੀਰ ਸਿੰਘ

ਪੁਸਤਕਾਂ ਵਾਲੇ, ਚੌਂਕ ਘੰਟ ਘਰ ਅੰਮ੍ਰਿਤਸਰ